ਗਿਆ ਹਾਂ ਕਿ ਨਿਤਨੇਮ ਕਰਨ ਵਾਸਤੇ ਭੀ ਬਹੁਤ ਕਠਨਾਈ ਪੈਂਦੀ ਹੈ। ਸੋ ਮੈਂ ਆਪਦੀ ਸੇਵਾ ਵਿਖੇ ਵਾਸਤਾ ਪਾਕੇ ਪ੍ਰਾਰਥਨਾ ਕਰਦਾ ਹਾਂ ਕਿ ਆਪ ਜ਼ਰੂਰ ਹੀ ਮੇਰੀ ਹਾਲਤ ਤੇ ਤਰਸ ਕਰੋ ਤੇ ਕਿਸੇ ਸਿੱਧ ਦਵਾਈ ਦਵਾਰਾ ਮੇਰੇ ਸਰੀਰ ਦੇ ਦੁਖ ਨਵਿਰਤ ਕਰੋ। ਮੈਂ ਸਾਰੀ ਉਮਰ ਧੰਨਵਾਦੀ ਰਹਾਂਗਾ। ਇਸ ਵੇਲੇ ਮੇਰੀ ਇਹ ਹਾਲਤ ਹੈ ਜੋ ਸੰਖੇਪ ਨਾਲ ਹੇਠ ਪ੍ਰਗਟ ਕਰਦਾ ਹਾਂ:—

ਮੇਰਾ ਸਰੀਰ ਬੜਾ ਹੀ ਦੁਬਲਾ ਹੋਗਿਆ ਹੈ' ਕ੍ਰਾਂਤੀ ਤੇ ਤਰਾਵਤ ਦਾ ਨਾਮ ਨਿਸ਼ਾਨ ਨਹੀਂ ਰਿਹਾ। ਹਰ ਵੇਲੇ ਫਿਕਰ ਤੇ ਗ਼ਮ ਦਬਾਈ ਰਖਦੇ ਹਨ, ਥਕਾਵਟ ਸਦਾ ਬਣੀ ਰਹਿੰਦੀ ਹੈ, ਸਰੀਰ ਤਪਦਾ ਰਹਿੰਦਾ ਹੈ, ਉਦਾਸੀ, ਦਿਲ ਦੀ ਧੜਕਨ ਕਮਰ ਤੇ ਮੋਢਿਆਂ ਪਿਛੇ ਦਰਦ, ਸਿਰ ਵਿਚ ਮਾੜੀ ਮਾੜੀ ਦਰਦ, ਨਿਗਾ ਕਮਜ਼ੋਰ, ਕਦੇ ੨ ਅਖਾਂ ਅਗੇ ਅੰਧਾਲੀ ਆ ਜਾਂਦੀ ਹੈ, ਖੋਹ ਹਰ ਵੇਲੇ ਪੈਂਦੀ ਰਹਿੰਦੀ ਹੈ ਪਰ ਹਜਮ ਕੋਈ ਚੀਜ ਭੀ ਚੰਗੀ ਤਰਾਂ ਨਹੀਂ ਹੁੰਦੀ, ਲੱਤਾਂ ਬਾਹਾਂ ਵਿਚ ਹਰ ਵੇਲੇ ਖੱਲੀਆਂ ਪਈਆਂ ਰਹਿੰਦੀਆਂ ਹਨ, ਸੁਸਤੀ ਹਰ ਵੇਲੇ ਰਹਿੰਦੀ ਹੈ ਪਰ ਨੀਂਦ ਚੰਗੀ ਤਰਾਂ ਨਹੀਂ ਆਉਂਦੀ, ਪੇਸ਼ਾਬ ਦੇ ਬਾਦ ਅਰ ਖਾਬ ਵਿਚ ਮਣੀ ਖਾਰਜ ਹੁੰਦੀ ਰਹਿੰਦੀ ਹੈ, ਗਲਾ ਜ਼ਯਾਦਾ ਖੁਸ਼ਕ ਰਹਿੰਦਾ ਹੈ, ਕਦੇ ੨ ਸੁਤੇ ਪਏ ਮੂੰਹੋਂ ਪਾਣੀ ਭੀ ਜਾਂਦਾ ਹੈ, ਤਬੀਯਤ ਗੁਸੈਲ ਤੇ ਡਰਪੋਕ ਜ਼ਯਾਦਾ ਹੋਗਈ ਹੈ, ਕਦੇ ਕਦੇ ਪੇਸ਼ਾਬ ਜਲਨ ਹੋਕੇ ਆਉਂਦਾ ਹੈ, ਕਬਜ਼ ਤਾਂ ਸਦਾ ਦੀ ਸਾਥਨ ਹੋਗਈ ਹੈ। ਭੈੜੇ ਭੈੜੇ ਖਿਆਲ ਆਉਂਦੇ ਰਹਿੰਦੇ ਹਨ।

ਸੋ ਆਪ ਏਨਾਂ ਸਾਰੀਆਂ ਹਾਲਤਾਂ ਨੂੰ ਵਿਚਾਰ ਕੇ

ਮੇਰੇ ਤੇ ਜ਼ਰੂਰ ਹੀ ਤਰਸ ਕਰੋ। ਮੈਂ ਤੁਹਾਡਾ ਕੀਮਤੀ ਵਕਤ ਬਹੁਤ ਸਾਰਾ ਹਰਜ ਕੀਤਾ ਹੈ ਪਰ ਕੀ ਕਰਾਂ ਇਲਾਜ ਵਾਸਤੇ ਸਾਰਾ ਹਾਲ ਪ੍ਰਗਟ ਕਰਨਾ ਜ਼ਰੂਰੀ ਸੀ ਅਰ ਏਸ ਤੋਂ ਸੰਖੇਪ ਕਰ ਨਹੀਂ ਸਕਿਆ ਸੋ ਬਖ਼ਸ਼ ਛਡਨਾ ਤੇ ਉੱਤਰ ਛੇਤੀ ਬਖਸ਼ਨਾ॥ ਦਾਸਨ ਦਾਸ.......................

ਪਜ਼ਾਰੇ ਪਾਠਕ ਜੀ ! ਇਹ ਚਿੱਠੀ ਏਸ ਵਾਸਤੇ ਆਪਦੀ ਦ੍ਰਿਸ਼ਟੀ ਗੋਚਰ ਨਹੀਂ ਕੀਤੀ ਗਈ ਕਿ ਆਪ ਇਸ ਸੱਜਨ ਜੀ ਦਾ ਨਾਮ ਪਤਾ ਜਾਨਣ ਦਾ ਯਤਨ ਕਰੋ ਜਾਂ ਐਵੇਂ ਪੜ੍ਹਕੇ ਵਿਸਾਰ ਦਿਓ ! ਏਸ ਚਿੱਠੀ ਤੇ ਪੂਰੀ ਵਿਚਾਰ ਕਰਕੇ ਸਿੱਟਾ ਕੱਢਕੇ ਇਨ੍ਹਾਂ ਬੁਰਿਆਈਆਂ ਦੇ ਨਾਸ ਕਰਨ ਦਾ ਉੱਦਮ ਕਰਨਾ ਚਾਹੀਦਾ ਹੈ। ਅਰ ਵਿਚਾਰਨਾ ਚਾਹੀਦਾ ਹੈ ਕਿ ਇਸ ਵੇਲੇ ਸਾਡੇ ਦੇਸ਼ ਦੀ ਕੈਸੀ ਦੁਰਦਸ਼ਾ ਹੋਰਹੀ ਹੈ। ਸੌ ਪਿਛੇ ੯੦ ਨੌ ਜਵਾਨ ਅਜੇਹੀਆਂ ਖਰਾਬੀਆਂ ਵਿਚ ਗ੍ਰਸੇ ਹੋਏ ਦੁਖਾਂ ਨਾਲ ਜ਼ਿੰਦਗਾਨੀ ਦੇ ਦਿਨ ਬਤੀਤ ਕਰ ਰਹੇ ਹਨ ਜਿਸਦੇ ਕਾਰਨ ਕੇਵਲ **ਸਿਆਪਿਆਂ** ਜੇਹੇ ਹੀ ਹਨ। ਏਸ ਬਹੁਤ ਸਾਰੇ ਪਾਪ ਦੇ ਭਾਗੀ ਓਹ ਮਾਤਾ ਪਿਤਾ ਹੀ ਹਨ ਜੋ ਬਾਲਅਵਸਥਾ ਵਿਚ ਜਾਤੀ ਭੇਦ ਦੇ ਗੁਲਾਮ ਹੋਕੇ ਵਰ ਕੰਨਜ਼ਾਂ ਦੀ ਯੋਗਯਤਾਦੇਖੇ ਦੇ ਬਿਨਾਂਹੀ ਸੰਤਾਨ ਦਾਵਿਆਹ ਕਰਕੇਉਨ੍ਹਾਂ ਨੂੰ ਬੇਸਮਝੀ ਤੇ ਅਯੋਗ ਜੋੜੀ ਦੀ ਦਸ਼ਾ ਵਿਚ ਹੀ ਵਿਸ਼ਿਆਂ ਦਾ ਪੂਰਾਗੁਲਾਮ ਬਣਾ ਦਿੰਦੇ ਹਨ ਤੇ ਧਾਰਮਕ ਸਿਖਜ਼ਾ ਦਾ ਜ਼ਰਾ ਭੀ ਵਿਚਾਰ ਨਹੀਂ ਕਰਦੇ। ਅਜੇਹੇ ਮਾਤਾ ਪਿਤਾ "ਕੁਲ ਘਾਤਕ" ਪਦ ਦੇ ਅਧਿਕਾਰੀ ਹੋਸਕਦੇ ਹਨ॥

ਸਭ ਤਰਾਂ ਦੀਆਂ ਦਵਾਵਾਂ ਤੇ ਹੋਰ ਚੀਜ਼ਾਂ ਮੰਗਵਾਨ ਵਾਸਤੇ

ਬਾਲਕਾਂ ਦੀ ਇਸ ਦਸ਼ਾ ਦਾ ਮੂਲ ਕਾਰਣ ਓਨਾਂ ਦੇ ਮਾਤਾ ਪਿਤਾ ਹੀ ਹਨ। ਜੇਹੜੇ ਆਪਣੀਆਂ ਇੰਦ੍ਰੀਆਂ ਨੂੰ ਤ੍ਰਿਪਤ ਕਰਨਾ ਹੀ ਅਪਣੇ ਜੀਵਣ ਦਾ ਉੱਦੇਸ਼ ਸਮਝਦੇ ਹਨ। ਗਰਭਣੀ ਹੋਣ ਤੇ ਭੀ ਜਦ ਇਸਤ੍ਰੀ ਨੂੰ ਭੋਗ ਲਈ ਬੇਵਸ ਹੋਣਾ ਪੈਂਦਾ ਹੇ ਤਾਂ ਉਸ ਸਮੇ ਉਦਰ ਵਿਚ ਬਾਲਕ ਨੂੰ ਭੀ ਅਸ਼ਾਂਤੀ ਭੋਗਣੀ ਪੈਂਦੀ ਹੈ। ਇਸਤ੍ਰੀ ਦਾ ਸਰੀਰ ਨਿਰਬਲ ਰੈਹਣ ਦੇ ਕਾਰਣ ਗਰਭ ਦਾ ਠੀਕ ਤਰਾਂ ਪਾਲਣ ਪੋਸਣ ਨਹੀਂ ਹੋ ਸਕਦਾ। ਜਨਮ ਲੈਣ ਤੇ ਬਾਲਕ ਨੂੰ ਵਿਚਾਰ ਭੀ ਬੁਰੀ ਕਾਮਨਾ ਵਲ ਹੀ ਬਹੁਤ ਜਾਂਦੇ ਹਨ। ਲੜਕੀ ਪੈਦਾ ਹੋਈ ਤਾਂ ਉਹ ਭੀ ਚੰਗੇ ਆਚਰਣ ਵਾਲੀ ਨਹੀਂ ਹੁੰਦੀ। ਉਸਦੇ ਅੰਦਰਲੇ ਅੰਗ ਪੂਰੀ ਤਰਾਂ ਨਹੀਂ ਵਧਦੇ। ਓਨਾਂ ਅੰਗਾਂ ਨੂੰ ਸੰਤਾਨ ਪੈਦਾ ਕਰਣ ਵਿਚ ਵਡਾ ਕਸ਼੍ਟ ਉਠਾਣਾ ਪੈਂਦਾ ਹੈ। ਗ੍ਰਿਸਤ ਦਾ ਕੋਈ ਅਨੰਦ ਭੀ ਓਨਾਂ ਨੂੰ ਨਹੀਂ ਪ੍ਰਾਪਤ ਹੁੰਦਾ। ਪਤੀ ਨੂੰ ਆਪਣੀ ਸਾਰੀ ਉਮਰ ਇਸਤ੍ਰੀਨੂੰ ਦਦਾਵਾਂ ਪਿਆਉਂਣ ਅਤੇ ਰੋਗ ਭੰਗੂੜੇ ਵਿਚ ਸਦਾ ਉਠਾਉਂਣ ਬੈਠਾਉਂਨ ਵਿਚ ਹੀ ਵਤੀਤ ਹੁੰਦੀ ਹੈ॥

ਇਸ ਸਾਰੀ ਦੁਰਦਸ਼ਾ ਦਾ ਮੂਲ ਕਾਰਣ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਹੈ। ਸਾਰੇ ਚੰਗੀ ਤਰਾਂ ਜਾਣਦੇ ਹਨ, ਜਾਣ ਬੁਝਕੇ ਭੀ ਅਪਣੇ ਬਚਿਆਂ ਨੂੰ ਇਸ ਬੇਸਮਝੀ ਤੋਂ ਸੁਚੇਤ ਨਹੀਂ ਕਰਦੇ। ਭਾਰਤ ਵਾਸੀ ਜੋ ਦਿਨੋ ਦਿਨ ਮੁਰਝਾਏ ਜੇਹੇ ਹੁੰਦੇ ਜਾਂਦੇ ਹਨ ਇਸ ਦਾ ਮੂਲ ਕਾਰਣ ਏਹੋ ਹੀ ਹੈ ਕਿ ਲੋਕਾਂ ਦੇ ਹਿਰਦੇ ਵਿਚ ਵਿਸ਼ੇ ਵਿਕਾਰਾਂ ਦੀ ਉਮੰਗ ਭਰੀ ਪਈ ਹੈ, ਓਹ ਇਹ ਨਹੀਂ ਜਾਣਦੇ ਕਿ ਇਸ ਰਸਤੇ ਜਾਣ ਵਿਚ ਸਾਡਾ ਸੱਤਯਾਨਾਸ ਹੋਵੇਗਾ। ਬਾਲ

ਅਵਸਥਾ ਵਿਚ ਬ੍ਰਹਮਚਰਜ ਨਹੀਂ ਸਾਧਿਆ ਜਾਂਦਾ ਤੇ ਜਵਾਨੀ ਵਿਚ ਮਨ ਨੂੰ ਕਾਬੂ ਵਿਚ ਨਹੀਂ ਰੱਖਯਾ ਜਾਂਦਾ ਇਹ ਵਡੀ ਦੁਖਦਾਈ ਵਾਰਤਾ ਹੈ। ਅਜ ਕਲ ਦ ਜਵਾਨਾਂ ਨਾਲ ਹੱਥ ਮਿਲਾਕੇ ਦੇਖੋ, ਓਨਾਂ ਦੇ ਹਥ ਠੰਡੇ ਮਲੂਮ ਦੇਣਗੇ ਅਤੇ ਪਰਸੇਓ ਨਾਲ ਭਿੱਜੇ ਹੋਏ ਹੋਣਗੇ। ਐਸੇ ਜਵਾਨ ਬਹੁਤ ਥੋੜੇ ਮਿਲਣਗੇ ਜਿਨ੍ਹਾਂ ਦੇ ਚੇਹਰੇ ਤੇ ਮਰਦਪੁਣੇ ਦੀ ਝਲਕ ਦਿਖਾਈ ਦੇਂਦੀ ਹੋਵੇ। ਇਸ ਸੱਭ ਦਾ ਮੂਲ ਕਾਰਣ ਵੀਰਜ ਦੀ ਰੱਖਯਾ ਨਾ ਕਰਣਾ ਹੀ ਹੈ॥

ਮਨੁਖ ਜਦ ਪੂਰਣਤਾ ਨੂੰ ਪਹੁੰਚਦਾ ਹੈ ਤਦੇ ਹੀ ਵੀਰਜਵਾਨ ਹੁੰਦਾ ਹੈ। ਸਰੀਰ ਵਿਚ ਜੋ ਕੁਝ ਬਲ ਹੈ ਉਹ ਵੀਰਜ ਦੇ ਪ੍ਰਤਾਪ ਕਰਕੇ ਹੀ ਹੇ। ਇਸ ਵੀਰਜ ਦੇ ਦੋ ਮੁਖ ਕੰਮ ਹਨ। ਇਕ ਤਾਂ ਸਰੀਰ ਅਤੇ ਮਗਜ਼ ਵਿਚ ਮੇਹਨਤ ਕਰਣ ਵਾਲੀ ਸ਼ਕਤੀ ਦੇਣਾ, ਜਿਸਤੋਂ ਕਿ ਉਹ ਅਪਣਾ ਪਾਲਣ ਪੋਸਣ ਕਰ ਸਕੇ ਅਤੇ ਅਪਨੇ ਅਧੀਨਾਂ ਦੀ ਰੱਖਯਾ ਕਰ ਸਕੇ। ਦੂਜਾ ਕੰਮ ਸੰਤਾਨ ਦੀ ਉਤਪੱਤੀ ਕਰਣਾ ਹੈ। ਐਸੇ ਲਾਭਦਾਇਕ ਵੀਰਜ ਦਾ ਅਯੋਗ ਤੇ ਖਰਾਬੀਆਂ ਵਿਚ ਨਸ਼ਟ ਕਰਣਾ ਕਿਸੇ ਨੂੰ ਭੀ ਉਚਿੱਤ ਨਹੀਂ ਹੈ। ਵੀਰਜ ਦੇ ਲਾਭ ਸਮਝਣ ਦੀ ਸ਼ਕਤੀ ਕੇਵਲ ਮਨੁਖ ਵਿਚ ਹੀ ਹੈ। ਪਸ਼ੂ ਪੰਛੀ ਇਸਦੀ ਭਲਾਈ ਨੂੰ ਨਹੀਂ ਸਮਝਦੇ। ਓਨਾਂ ਨੂੰ ਤਾਂ ਸ੍ਰਿਸ਼ਟੀ ਕਰਮ ਜਿਸਤਰਾਂ ਨਾਲ ਚਲਾਉਂਦਾ ਹੈ ਉਸੇਤਰਾਂ ਹੀ ਚਲਦੇ ਹਨ। ਮਨੁਖ ਜਤਨ ਕਰਣ ਨਾਲ ਕਾਮ ਵਾਸ਼ਨਾ ਨੂੰ ਅਪਣੇ ਵਸ ਵਿਚ ਕਰ ਸਕਦਾ ਹੈ। ਪਰ ਐਸੇ ਬਹੁਤ ਘੱਟ ਸੱਜਣ ਹਨ ਜੋ ਬ੍ਰਹਮਚਰਜ ਨੂੰ ਆਨੰਦਵਰਧਕ ਸਮਝਦੇ ਹੋਣ। ਅਜ ਕਲ ਤਾਂ ਤੁਸੀਂ ਬਾਲਕਾਂ ਤੋਂ ਲੈਕੇ ਸਭ ਤਰਾਂ ਦੀਆਂ ਦਵਾਵਾਂ ਤੇ ਹੋਰ ਚੀਜ਼ਾਂ ਮੰਗਾਵਨ ਵਾਸਤੇ

ਬਿਰਧਾਂ ਤਕ ਦੀਆਂ ਗੱਲਾਂ ਨੂੰ ਸੁਣੋ। ਓਨਾਂ ਦੇ ਮੂੰਹੋਂ ਕਾਮ-ਵਾਸ਼ਨਾ ਸੰਬੰਧੀ ਗੰਦੇ ਸ਼ਬਦ ਹੀ ਸੁਣਦੇ ਚਲੇ ਜਾਓਗੇ। ਤਿੰਨ ੨, ਚਾਰ ੨ ਬਰਸਾਂ ਦੇ ਬਾਲਕ ਆਪਸ ਵਿਚ ਖੋਟੇ ਵਿਹਾਰ ਕਰਦੇ ਦੇਖੇ ਜਾਂਦੇ ਹਨ। ਵਡਿਆਂ ਵਲੋਂ ਮਨ ਪ੍ਰਸੰਨ ਕਰਣ ਦੇ ਜਿਤਨੇ ਰੰਗ ਰਾਗ ਹਨ ਓਨ੍ਹਾਂ ਵਿਚ ਕਾਮ ਚੇਸ਼੍ਹਾ ਵਧਾਉਂਣ ਵਾਲੀ ਬਾਤ ਚੀਤ ਤੇ ਕ੍ਰਿਯਾ ਕਰਮ ਪ੍ਰਧਾਨ ਹੈ। ਬਹੁਤ ਪੁਸਤਕਾਂ ਵਿਚ ਭੀ ਇਹੋ ਚਰਚਾ ਹੁੰਦੀ ਹੈ। ਪਰਮੇਸ਼ਰ ਨੂੰ ਸੰਸਾਰ ਵਿਚ ਜਨਮ ਦੇਕੇ ਭਗਤ ਲੋਕ ਉਸ ਨੂੰ ਕਾਮੀ ਅਤੇ ਵਿਭਚਾਰੀਆਂ ਜੈਹੇ ਆਚਰਣਾਂ ਵਾਲਾ ਦੱਸਕੇ ਓਨ੍ਹਾਂ ਦੀ ਲੀਲਾ ਆਮ ਲੋਕਾਂ ਨੂੰ ਬਾਲਪੁਣੇ ਤੋਂ ਸੁਣਾਉਂਦੇ ਅਤੇ ਕਾਮ ਚੇਸ਼ਟਾ ਲਈ ਉਕਸਾਉਂਦੇ ਹਨ।

ਛੋਟੇ ਹੁੰਦੇ ਬਾਲਕ ਕੇਹੋ ਜੈਹੇ ਸੋਹਣੇ ਮਲੂਮ ਹੁੰਦੇ ਹਨ। ਜਿਥੇ ਬਾਰਾਂ ਜਾਂ ਚੌਦਾਂ ਬਰਸ ਦੇ ਹੋਏ ਕਿ ਓਨ੍ਹਾਂ ਦੇ ਚੇਹਰੇ ਵਿਗੜਨ ਲਗਦੇ ਹਨ। ਓਨ੍ਹਾਂ ਨੂੰ ਕੁਸੰਗ ਦਾ ਅਭਯਾਸ ਪੈਜਾਂਦਾ ਹੈ ਅਤੇ ਓਹ ਵੀਰਜ ਨਸ਼੍ਹ ਕਰਣ ਵਿਚ ਵਡਾ ਅਨੰਦ ਸਮਝਦੇ ਹਨ।

ਅਨੇਕ ਜਵਾਨ ਇਸਤ੍ਰੀ ਪੁਰਖ ਜੋ ਬਾਲ ਅਵਸਥਾ ਵਿਚ ਹੋਣਹਾਰ ਮਲੂਮ ਦੇਂਦੇ ਸਨ, ਜਵਾਨੀ ਆਉਂਦਿਆਂ ਹੀ ਖ਼ਈ ਰੋਗ (ਤਪਦਿਕ) ਵਿਚ ਗ੍ਰਸੇ ਜਾਂਦੇ ਹਨ। ਅਤੇ ਮਨ ਦੀ ਅਭਿਲਾਖਾ ਮਨ ਵਿਚ ਹੀ ਲੈਕੇ ਇਸ ਸੰਸਾਰ ਤੋਂ ਚਲ ਬਸਦੇ ਹਨ। ਓਹ ਕਿਉਂ? ਰੋਗ ਦਾ ਅੰਸ ਤਾਂ ਮਾਤਾ ਪਿਤਾ ਦੇ ਵੀਰਜ ਵਿਚ ਹੀ ਹੁੰਦਾ ਹੈ। ਜੇਕਰ ਓਹ ਜਵਾਨੀ ਵਿਚ ਬ੍ਰਹਮਚਰਜ ਰੱਖਦੇ ਤਾਂ ਕਦਾਚਿਤ ਵਡੀ ਉਮਰਾਂ ਵਾਲੇ ਭੀ ਹੋ ਸਕਦੇ, ਪਰ ਕੁਸੰਗਤ ਅਤੇ ਕੁਸਿਖਯਾ ਕਰਕੇ ਓਹ

ਬਾਲਪੁਣੇ ਵਿਚ ਹੀ ਬੁਰੇ ਰਸਤੇ ਤੁਰ ਪੈਂਦੇ ਹਨ ਜਿਸਤੋਂ ਓਨ੍ਹਾਂ ਨੂੰ ਅਨੇਕ ਦੁਖ ਝਲਦੇ ਹੋਇਆਂ ਕਾਲ ਵਿਕਰਾਲ ਦੇ ਮੂੰਹ ਵਿਚ ਜਾਣਾ ਪੈਂਦਾ ਹੈ। ਸਾਨੂੰ ਪਾਠਕਾਂ ਤਕ ਇਹ ਗਲਾਂ ਬਾਰ ੨ ਖੋਲਕੇ ਦੱਸਣ ਦੀ ਜ਼ਰੂਰਤ ਨਹੀਂ ਹੈ। ਵੀਰਜ ਰੋਕਣ ਦੇ ਜੋ ਲਾਭ ਹਨ ਓਨਾਂ ਨੂੰ ਓਹ ਜਦ ਚਾਹੁਣ ਅਜਮਾ ਸਕਦੇ ਹਨ ਅਤੇ ਸਮਝ ਸਕਦੇ ਹਨ ਕਿ ਐਸੀ ਅਮੋਲਕ ਚੀਜ਼ ਨੂੰ ਨਸ਼ਟ ਕਰਕੇ ਹੀ ਮਨੁਖ ਅਪਣੇ ਸੁਖੀ ਜੀਵਣ ਨੂੰ ਮਹਾਂਦੁਖੀ ਬਣਾ ਲੈਂਦਾ ਹੈ। ਜਿਤਨੇ ਚੋਰ, ਉਚੱਕੇ, ਗੰਢਕਤਰੂ, ਜਵਾਰੀਏ, ਅਤੇ ਬਦਮਾਸ਼ ਪਕੜੇ ਜਾਂਦੇ ਹਨ ਓਨਾਂ ਸਾਰਿਆਂ ਵਿਚ ਐਸਾ ਇਕ ਭੀ ਨਾ ਹੋਵੇਗਾ ਜੋ ਬ੍ਰਹਮਚਰਜ ਦੀ ਮੈਹਮਾਂ ਨੂੰ ਜਾਣਦਾ ਹੋਵੇ। ਓਹ ਸਾਰੇ ਐਸੇ ਹੁੰਦੇ ਹਨ ਕਿ ਜੇਹੜੇ ਸਿਰਫ ਇੰਦ੍ਰੀਆਂ ਦੇ ਸੁਖਾਂ ਲਈ ਹੀ ਸਭਤਰਾਂ ਦੇ ਬੁਰੇ ਕੰਮ ਕਰਣ ਤੋਂ ਨਹੀਂ ਡਰਦੇ। ਈਸਾਈ-ਆਂ ਦੀ ਧਰਮ ਪੁਸਤਕ ਵਿਚ ਆਦਮ ਹਵਾ ਦੀ ਜੋ ਪੁਰਾਣੀ ਕਹਾਣੀ ਹੈ ਉਸਦਾ ਧਯਾਨ ਸਭ ਕਿਸੇ ਨੂੰ ਰੱਖਣਾ ਚਾਹੀਦਾ ਹੈ। ਜਦ ਤਕ ਦੋਵੇਂ ਬ੍ਰਹਮਚਾਰੀ ਰਹੇ ਸੁਰਗ ਵਿਚ ਮੌਜਾਂ ਕਰਦੇ ਰਹੇ, ਓਨਾਂ ਨੂੰ ਕੋਈ ਦੁਖ ਭੈ ਅਥਵਾ ਲਜਿਆ ਨਹੀਂ ਸੀ, ਪਰ ਜਦ ਭੁਲੇਖੇ ਵਿਚ ਆਕੇ ਓਨਾਂ ਨੇ ਅਪਣਾ ਨੇਮ ਤੋੜ ਦਿੱਤਾ ਤਾਂ ਓਹ ਸੁੰਦਰ ਬਾਗ ਵਿਚੋਂ ਕੱਢ ਦਿੱਤੇ ਗਏ ਅਤੇ ਸੰਸਾਰ ਵਿਚ ਆਕੇ ਅਨੇਕ ਕਸ਼੍ਟ ਭੋਗਣ ਲਗੇ॥

ਬਹੁਤ ਸਾਰੇ ਭਲੇ ਆਦਮੀਆਂ ਦਾ ਇਸਤਰਾਂ ਦਾ ਖਯਾਲ ਹੈ ਕਿ ਬ੍ਰਹਮਚਰਜ ਰੱਖਣ ਨਾਲ ਆਦਮੀ ਪਾਗਲ ਹੋਜਾਂਦਾ ਹੈ। ਵੀਰਜ ਨਿਕਲ ਜਾਣ ਨਾਲ ਅਰੋਗਤਾ ਠੀਕ ਬਣੀ ਰੈਂਹਦੀ ਹੈ। ਇਹ ਓਨਾਂ ਦਾ ਮਨਘੜਤ ਅਤੇ ਝੂਠਾ

ਵਿਸਵਾਸ ਹੈ ਅਤੇ ਇਹੋ ਵਿਸਵਾਸ ਬਹੁਤ ਹਾਨੀ ਪੁਚਾਉਂਦਾ ਹੈ। ਅਸਲ ਵਿਚ ਵੀਰਜ ਸਰੀਰ ਵਿਖੇ ਬਲਰੂਪ ਹੋਕੇ ਜਮਿਆਂ ਰੈਂਹਦਾ ਹੈ। ਉਹ ਪਤਲਾ ਤਦੇ ਹੁੰਦਾ ਹੈ ਕਿ ਜਦ ਉਸਦੇ ਨਿਕਲਣ ਦਾ ਰਸਤਾ ਢਿਲਾ ਕਰ ਦਿਤਾ ਜਾਂਦਾ ਹੈ। ਜਿਸਤਰਾਂ ਅੰਬ ਦੇ ਬੂਟੇ ਨੂੰ ਅੰਬ ਲਗਦੇ ਹਨ, ਉਸੇਤਰਾਂ ਮਨੁਖ ਵਿਚ ਮਨੁਖ ਦੇ ਬੀਜ ਫਲਦੇ ਹਨ ਅਤੇ ਹਰੇਕ ਬੀਜ ਪੱਕਣੇ ਤੇ ਇਸ ਯੋਗ ਹੁੰਦਾ ਹੈ ਕਿ ਉਸਤੋਂ ਇਕ ਸੁੰਦਰ ਪ੍ਰਾਣੀ ਬਣ ਸਕੇ। ਹੋਰ ਜੀਵਾਂ ਦਾ ਭੀ ਇਹੋ ਹਾਲ ਹੈ। ਸੰਤਾਨ ਦੀ ਇੱਛਾ ਰੱਖਣ ਵਾਲੇ ਬ੍ਰਹਮਚਾਰੀ ਜੇਕਰ ੧੮ ਮਹੀਨੇ ਵਿਚ ਇਕ ਵਾਰੀ ਸੰਜੁਗਤ ਹੋਣ ਤਾਂ ਉਨਾਂ ਦੀ ਸੰਤਾਨ ਦੀ ਇੱਛਾ ਉਸੇ ਦਿਨ ਪੂਰੀ ਹੋ ਸਕੇਗੀ। ਉਨਾਂ ਨੂੰ ਇਸ ਕੰਮ ਲਈ ਬਰਸਾਂ ਵੀਰਜ ਅਤੇ ਬਲ ਨਸ਼੍ਟ ਕਰਣਾ ਨਹੀਂ ਪਵੇਗਾ। ਸੋਲ੍ਹਾਂ ਬਰਸ ਦੀ ਅਵਸਥਾ ਹੋਣ ਦੇ ਮਗਰੋਂ ਲੜਕੀਆਂ ਦਾ ਗਰਭਾਸ਼ਯ ਪੂਰਣਤਾ ਨੂੰ ਪਹੁੰਚਦਾ ਹੈ ੨੦ ਅਤੇ ੨੫ ਬਰਸਾਂ ਦੇ ਵਿਚ ੨ ਮਨੁਖ ਦਾ ਵੀਰਜ ਪੱਕਾ ਹੁੰਦਾ ਹੈ। ਇਸ ਮਿਲਾਪ ਨਾਲ ਜੋ ਬੱਚੇ ਪੈਦਾ ਹੁੰਦੇ ਹਨ ਉਨਾਂ ਦੇ ਜਣਨ ਵਿਚ ਮਾਤਾ ਨੂੰ ਕਸ਼੍ਟ ਨਹੀਂ ਮਲੂਮ ਹੁੰਦਾ। ਅਤੇ ਨਾ ਹੀ ਬਾਲਪੁਣੇ ਵਿਚ ਬੱਚਿਆਂ ਨੂੰ ਰੋਗ ਸਤਾਉਂਦੇ ਹਨ। ਅਸੀਂ ਲੋਕ ਚੰਗੀਤਰਾਂ ਜਾਣਦੇ ਹਾਂ ਕਿ ਪਸ਼ੂਆਂ ਦਾ ਐਸਾ ਹੀ ਨਿਯਮ ਹੈ। ਵਿਗਯਾਨ ਦੇ ਬਲ ਨਾਲ ਗਊ, ਮੈਂਹ ਅਤੇ ਘੋੜੀਆਂ ਦ੍ਵਾਰਾ ਅਸੀ ਮਨ ਮੰਨੇ ਬੱਚੇ ਪੈਦਾ ਕਰਾ ਸਕਦੇ ਹਾਂ ਅਤੇ ਜੇਕਰ ਚੇਸ਼੍ਟਾ ਕਰੀਏ ਤਾਂ ਇਸੇ ਤਰਾਂ ਅਪਣੀ ਅਗਲੀ ਉਲਾਦ ਭੀ ਅਪਣੀ ਇੱਛਾ ਦੇ ਅਨੁਸਾਰ ਬਣਾ ਸਕਦੇ ਹਾਂ। ਏਸਦੇ ਸਾਰੇ ਭੇਦ ਅਸੀਂ ਇਸੇ ਸਿਲਸਿਲੇ ਦੀ

ਪੁਸਤਕ "ਮਨ ਮੰਨੀ ਸੰਤਾਨ' ਵਿੱਚ ਲਿਖ ਚੁਕੇ ਹਾਂ! ਸਭ ਤੋਂ ਵੱਡੀ ਗਲ ਅਪਣੇ ਮਨ ਨੂੰ ਵੱਸ ਵਿਚ ਕਰਨਾ ਹੈ। ਜਦ ਤਕ ਇਹ ਵਸ ਵਿਚ ਨਾ ਹੋਵੇਗਾ ਸਾਡੇ ਦੁਖਾਂ ਦਾ ਅੰਤ ਨਾ ਆਵੇਗਾ। ਸਾਨੂੰ ਕਈ ਸੱਜਣ ਇਹ ਆਖਯਾ ਕਰਦੇ ਹਨ ਕਿ ਸੁਪਨੇ ਵਿਚ ਓਨਾਂ ਦਾ ਵੀਰਜ ਨਸ਼੍ਟ ਹੋਜਾਂਦਾ ਹੈ ਅਤੇ ਉਸ ਤੇ ਓਨਾਂ ਦਾ ਕੁਝ ਵਸ ਨਹੀਂ ਚਲਦਾ। ਜਿਸ ਬ੍ਰਹਮਚਰਜ ਨੂੰ ਓਹ ਐਸੇ ਸਾਵਧਾਨ ਰੈਹਕੇ ਪਾਲਦੇ ਹਨ ਉਹ ਸੁਤਿਆਂ ਹੋਇਆਂ ਐਵੇਂ ਹੀ ਖੰਡਿਤ ਹੋਜਾਂਦਾ ਹੈ। ਇਸਦੇ ਉੱਤ੍ਰ ਵਿਚ ਅਸੀਂ ਇਹੋ ਆਖਦੇ ਹਾਂ ਕਿ ਜਿਸ ਸਾਵਧਾਨੀ ਨੂੰ ਤੁਸੀਂ ਜਾਗਣ ਸਮੇ ਵਰਤਦੇ ਹੋ ਉਸ ਨੂੰ ਸੌਣ ਸਮੇ ਭੀ ਨਾ ਭੁਲੋ। ਸੁਪਨੇ ਵਿਚ ਓਹੋ ਗਲਾਂ ਉਲਟ ਪੁਲਟਕੇ ਆਉਂਦੀਆਂ ਹਨ ਕਿ ਜੇਹੜੀਆਂ ਤੁਸੀਂ ਜਾਗ੍ਰਤ ਵਿਚ ਦੇਖਦੇ ਭਾਲਦੇ ਹੋ। ਅਭਯਾਸ ਕਰਕੇ ਪੈਹਲਾਂ ਅਪਣੀ ਨੀਦ ਨੂੰ ਅਪਨੇ ਵਸ ਵਿਚ ਰੱਖੋ ਅਤੇ ਸਾਵਧਾਨ ਹੋਕੇ ਸੌਵੋ। ਸਾਵਧਾਨ ਹੋਕੇ ਸੌਣਾ ਕੋਈ ਔਖਾ ਨਹੀਂ ਹੈ। ਬਹੁਤ ਸਾਰੇ ਐਸੇ ਵਿਦਯਾਰਥੀ ਹਨ ਜੋ ਕਿਸੇ ਖਾਸ ਸਮੇ ਤੇ ਜਾਗਣਾ ਚਾਹੁੰਦੇ ਹਨ ਤਾਂ ਸੌਂਦੀ ਵਾਰੀ ਉਹ ਵੇਲਾ ਦ੍ਰਿੜ ਕਰ ਲੈਂਦੇ ਹਨ ਕਿ ਅਜ ਫਲਾਣੇ ਸਮੇ ਉਠਣਾ ਹੈ। ਰਾਤ ਨੂੰ ਠੀਕ ਉਤਨੇ ਬਜੇ ਹੀ ਅੱਖ ਖੁਲ ਜਾਂਦੀ ਹੈ। ਇਸੇ ਦਾ ਨਾਉਂ ਸਾਵਧਾਨ ਨੀਂਦ ਹੈ। ਸੌਣ ਸਮੇ ਸੋਚ ਲਓ ਕਿ ਅੱਜ ਬੁਰੇ ਸੁਪਨੇ ਨਹੀਂ ਦੇਖਣੇ। ਸੱਚ ਮੁਚ ਤੁਸੀਂ ਐਸੇ ਸੁਪਨੇ ਨਾ ਦੇਖੋਗੇ। ਰੇਲ ਤੇ ਬਹੁਤ ਸਾਰੇ ਮੁਸਾਫਰ ਕਿਸਤਰਾਂ ਦੇ ਸਾਵਧਾਨ ਹੋਕੇ ਸੌਂਦੇ ਹਨ। ਤੁਸੀਂ ਸਮਝੋਗੇ ਕਿ ਇਹ ਅਚਿੰਤ ਹੋਕੇ ਸੌਂ ਰਿਹਾ ਹੈ, ਪਰ ਜ਼ਰਾ ਉਸ ਦੀ ਗੰਢੜੀ ਨੂੰ

ਤਾਂ ਹਿਲਾਕੇ ਦੇਖੋ ਉਹ ਤਤਕਾਲ ਉਠ ਬੈਠੇਗਾ। ਪਾਠਕ ਜੀ! ਤੁਹਾਡਾ ਵੀਰਜ ਅਨਮੋਲ ਸੋਨੇ ਦੀ ਗੀਙਲੀ ਹੈ, ਇਸ ਨੂੰ ਬੇਸੁਧ ਸੌਂਕੇ ਲੁਟਵਾ ਨਾ ਦਿਓ। ਕੁਝ ਦਿਨਾਂ ਦੇ ਅਭਯਾਸ ਨਾਲ ਹੀ ਤੁਹਾਡਾ ਸੁਪਨ ਦੋਖ਼ ਹਟ ਜਾਵੇਗਾ। ਅਤੇ ਤੁਸੀਂ ਐਸੇ ਬਲਵਾਨ ਹੋਜਾਓਗੇ ਕਿ ਬੁਰੇ ਸੁਪਨੇ ਤੁਹਾਡੇ ਤੋਂ ਕਈ ਕੋਹ ਭੱਜਣ। ਜੇਕਰ ਪਹਲੇ ਬੇਸਮਝੀ ਤੋਂ ਏਹ ਰੋਗ ਵਧ ਚੁਕਾ ਹੋਵੇ ਤਦ ਕੁਝ ਚਿਰ "ਕਾਮੇਸ੍ਵਰਕੇਹਰ ਗੋਲੀਆਂ" ਵਰਤਕੇ ਨਰੋਏ ਹੋਜਾਓ ਤੇ ਫੇਰ ਸੰਜਮਦਾ ਪੂਰਾ ਪਾਲਨ ਕਰੋ॥

ਕਰਤਾ ਦਾ ਸਤਸੰਗ ਇਕ ਮਹਾਤਮਾ ਜੀ ਨਾਲ ੨੦ ਵਰਹੇ ਰਿਹਾਹੈ। ਮਹਾਤਮਾ ਜੀ ਨੇ ਅਪਣੇ ਮਨ ਵਿਚੋਂ ਇੱਛਾ ਨੂੰ ਐਸਾ ਕਢ ਦਿਤਾ ਸੀ ਕਿ ਮਾਨੋਂ ਓਨਾਂਦੇ ਇਹ ਇੰਦ੍ਰੀ ਹੈ ਹੀ ਨਹੀਂ ਸੀ। ਓਨਾਂ ਦਾ ਸਰੀਰ ਲੋਹੇ ਵਰਗਾ ਮਜ਼ਬੂਤ ਸੀ। ਜ਼ੋਰ ਕਰਣ ਨਾਲ ਭੀ ਓਨਾਂ ਦੇ ਸਰੀਰ ਵਿਚ ਕੋਈ ਉਂਗਲ ਦਬਾਕੇ ਨਿਸ਼ਾਨ ਨਹੀਂ ਪਾ ਸਕਦਾ ਸੀ। ਇਹ ਜਦ ਸੌਂਦੇ ਭੀ ਸਨ ਤਾਂ ਬੇਸੁਧ ਹੋਕੇ ਨਹੀਂ ਸੌਂਦੇ ਸਨ। ਸੌਂਦੇ ਹੋਏ ਕਥਾ ਸੁਣਿਆਂ ਕਰਦੇ ਸਨ। ਜਦ ਓਨਾਂ ਨੂੰ ਕੁਝ ਕੈਹਣਾ ਹੁੰਦਾ ਸੀ ਤਾਂ ਝਟ ਬੋਲ ਪੈਂਦੇ ਸਨ ਅਰ ਵਯਾਖਯਾ ਕਰਣ ਲਗ ਜਾਂਦੇ ਸਨ॥

ਅਸੀਂ ਇਹ ਜਾਣਦੇ ਹਾਂ ਕਿ ਸੰਸਾਰ ਵਿਚ ਐਸੇ ਦ੍ਰਿੜ ਧਾਰਨਾ ਵਾਲੇ ਪ੍ਰਾਣੀ ਬਹੁਤ ਘੱਟ ਹਨ। ਜੋ ਵਿਵਾਹਿਤ ਹੋਣ ਦੀ ਦਸ਼ਾ ਵਿਚ ਐਸਾ ਆਚਰਣ ਰੱਖਣ ਕਿ ਕੇਵਲ ਸੰਤਾਨ ਦੀ ਇੱਛਾ ਕਰਕੇ ਹੀ ਸਮਾਗਮ ਕਰਣ; ਤਦ ਭੀ ਇਹ ਬਹੁਤ ਜ਼ਰੂਰੀ ਹੈ ਕਿ ਇਸ ਇੱਛਾ ਨੂੰ ਜਿਥੋਂ ਤਕ

ਹੋ ਸਕੇ ਦਬਾਈ ਰੱਖਣਾ ਚਾਹੀਦਾ ਹੈ। ਵੀਰਜ ਦਾ ਜਿਤਨਾ ਘੱਟ ਖਰਚ ਕੀਤਾ ਜਾਵੇਗਾ ਉਤਨਾਂ ਹੀ ਓਨ੍ਹਾਂ ਦਾ ਜੀਵਣ ਸੁਖਮਈ ਹੋਵੇਗਾ। ਸੁਭਾਵਿਕ ਸਮਾਂ ਇਸ ਕੰਮ ਲਈ ਭੋਜਨ ਦੇ ਮਗਰੋਂ ਇਕ ਨੀਂਦ ਲੈ ਲੈਣ ਤੋਂ ਬਾਦ ਹੈ। ਜਿਨ੍ਹਾਂ ਨੇ ਆਪਣੀ ਇੱਛਾ ਅਪਣੇ ਹੱਥ ਵਿਚ ਲੈ ਲਈ ਹੈ ਓਨ੍ਹਾਂ ਨੂੰ ਸਮਾਗਮ ਦੇ ਮਗਰੋਂ ਨਿਰਬਲਤਾ ਨਹੀਂ ਚਿਮੜਦੀ ਅਤੇ ਨਾਂ ਹੀ ਕੁਝ ਸੁਸਤੀ ਮਲੂਮ ਦੇਂਦੀ ਹੈ। ਐਸੇ ਲੋਕ ਬਹੁਤ ਘੱਟ ਹਨ ਜੋ ਅਪਣੀ ਕਮਜੋਰੀ ਦਾ ਖਿਆਲ ਨਾਂ ਕਰਕੇ ਕੇਵਲ ਐਵੇਂ ਥੋੜ੍ਹੇ ਜੇਹੇ ਝੂਠੇ ਅਨੰਦ ਵਾਸਤੇ ਇਸ ਕੰਮ ਨੂੰ ਕਰਦੇ ਹਨ ਉਨ੍ਹਾਂ ਨੂੰ ਕਦੇ ਇਸ ਕੰਮ ਤੋਂ ਤ੍ਰਿਪਤੀ ਹੀ ਨਹੀਂ ਹੁੰਦੀ, ਓਹ ਕਦੇ ਦਵਾਈਆਂ ਵਰਤਦੇ ਹਨ ਅਤੇ ਕਦੇ ਹੋਰ ਕਈ ਉਪਾ ਕਰਦੇ ਹਨ। ਐਸੇ ਲੋਕਾਂ ਨੂੰ ਸਮ-ਝਣਾ ਚਾਹੀਦਾ ਹੈ ਕਿ ਓਹ ਬਹੁਤ ਬੁਰਾ ਕਰ ਰਹੇ ਹਨ ਅਤੇ ਆਪਣੇ ਪੈਰ ਆਪ ਕੁਹਾੜਾ ਮਾਰ ਰਹੇ ਹਨ। ਓਨ੍ਹਾਂ ਨੂੰ ਜੋ ਥੋੜਾ ਬਹੁਤ ਸੁਖ ਮਲੂਮ ਹੁੰਦਾਹੈ ਓਹ ਯਥਾਰਥ ਵਿਚ ਝੂਠਾ ਸੁਖ ਹੈ। ਜੇਕਰ ਐਸੇ ਆਦਮੀ ਬ੍ਰਹਮ ਚਰਜ ਧਾਰਣ ਕਰਕੇ ਰੈਹਣ ਅਤੇ ਜਦਤਕ ਓਨਾਂਦੀ ਕਾਮਨਾ ਓਨਾਂਨੂੰ ਅੰਦ੍ਰੋ ਨਾਜਗਾਵੇ ਤਦ ਤਕ ਇਸ ਕੰਮ ਦਾ ਧਯਾਨ ਨਾ ਕਰਣ ਤਾਂ ਓਨ੍ਹਾਂ ਨੂੰ ਮਲੂਮ ਹੋਣ ਲਗੇਗਾ ਜੋ ਇੰਦ੍ਰੀਆਂ ਨੂੰ ਵਸ ਵਿਚ ਰੱਖਣਾ ਕੈਸਾ ਚੰਗਾ ਕੰਮ ਹੈ। ਬਹੁਤ ਸਾਰੀਆਂ ਐਸੀਆਂ ਇਸਤ੍ਰੀਆਂ ਹਨ ਕਿ ਓਨਾਂ ਦੇ ਮਨ ਮਰ ਜਾਂਦੇ ਹਨ ਓਨ੍ਹਾਂ ਦੇ ਮਨ ਵਿਚ ਕਦੇ ਸੰਜੋਗ ਦੀ ਕਾਮਨਾ ਨਹੀਂ ਫੁਰਦੀ। ਇਸ ਦਾ ਕਾਰਣ ਭੀ ਇਹੋ ਹੈ ਕਿ ਓਨ੍ਹਾਂ ਨੂੰ ਇਤਨਾ ਸਮਾ ਨਹੀਂ ਦਿੱਤਾ ਜਾਂਦਾ ਕਿ ਕੁਝ ਦਿਨ ਬ੍ਰਹੰਮਚਰਯ ਨਾਲ ਰੈਹਕੇ

ਸਭ ਤਰਾਂ ਦੀਆਂ ਦਵਾਵਾਂ ਤੇ ਹੋਰ ਚੀਜਾਂ ਮੰਗਾਵਨ ਵਾਸਤੇ

ਆਪਣਾ ਸੁਭਾਵਿਕ ਬਲ ਪ੍ਰਾਪਤ ਕਰ ਲੈਣ।

ਉੱਤੇ ਅਸਾਂ ਜੋ ਕੁਝ ਕਿਹਾ ਹੈ ਉਹ ਮਨੁੱਖ ਨੂੰ ਪੂਰਣ ਸੁਖੀ ਅਤੇ ਅਰੋਗ ਰੱਖਣ ਦੀ ਭਾਵਨਾ ਨਾਲ ਕਿਹਾ ਹੈ। ਵੀਰਜ ਦੀ ਰੱਖਯਾ ਕਰਨੀ ਬਹੁਤ ਜ਼ਰੂਰੀ ਹੈ। ਇਸਦੀ ਰੱਖਯਾ ਕਰਕੇ ਹੀ ਉਤਮ ਸੰਤਾਨ ਪ੍ਰਾਪਤ ਹੁੰਦੀ ਹੈ ਅਤੇ ਇਸਦੇ ਨਿਰੋਧ ਨਾਲ ਹੀ ਮਨੁੱਖ ਨੂੰ ਸਰੀਰਕ ਬਲ ਪ੍ਰਾਪਤ ਹੁੰਦਾ ਹੈ। ਵੀਰਜ ਦਾ ਨਾਸ ਕਰਕੇ ਮਨੁਖ ਅਨੇਕ ਰੋਗ ਅਤੇ ਸ਼ੋਕ ਵਿਹਾਜ ਲੈਂਦਾ ਹੈ। ਜਦ ਇਹ ਸੁਭਾਵਿਕ ਨਿਯਮ ਦੇ ਅਧੀਨ ਰਖਯਾ ਜਾਵੇ ਤਦ ਇਸ ਤੋਂ ਬਲ ਅਤੇ ਬੁਧੀ ਦੋਵੇਂ ਬਚੇ ਰੈਂਦੇ ਹਨ ਅਤੇ ਸਾਰੇ ਕੰਮ ਚੰਗੇ ਹੁੰਦੇ ਹਨ। ਜਦ ਇਸ ਦਾ ਬੁਰਾ ਵਰਤਾਉ ਕੀਤਾ ਜਾਂਦਾ ਹੈ ਤਦ ਸਾਨੂੰ ਕਿਸੇ ਕਿਸਮ ਦਾ ਅਨੰਦ ਨਹੀਂ ਮਿਲਦਾ, ਨਾਂ ਸਬਰ ਹੀ ਆਉਂਦਾ ਹੈ। ਅੱਖਾਂ ਤੋ ਅੰਨੇ, ਕੰਨਾਂ ਤੋਂ ਬੋਲੇ ਹੋ ਜਾਂਦੇ, ਅਕਲ ਖੋ ਬੈਠਦੇ ਅਤੇ ਸਾਰੀਆਂ ਸ਼ਕਤੀਆਂ ਨਸ਼ਟ ਕਰ ਦੇਂਦੇ ਹਾਂ॥

ਜਿਸਤਰਾਂ ਨਾਲ ਬਹੁਤ ਸਾਰੇ ਮਨੁੱਖ ਜੀਭ ਦੇ ਸਵਾਦ ਲਈ ਅੱਲੜ ਪੱਲੜ ਖਾਕੇ ਮਗਰੋਂ ਅਪਣੀ ਸਾਰੀ ਪਾਚਨ ਸ਼ਕਤੀ ਗਵਾ ਬੈਠਦੇ ਹਨ ਓਹੋ ਇਸ ਕਰਮ ਦਾ ਹਾਲ ਹੈ। ਲੋਕ ਇੰਦ੍ਰੀਆਂ ਤੋਂ ਪੈਦਾ ਹੋਏ ਸੁਖ ਨੂੰ ਚੰਗਾ ਜਾਣਕੇ ਅਪਣਾ ਸਤਯਾਨਾਸ ਕਰ ਲੈਂਦੇ ਹਨ।

ਪਯਾਰੇ ਪਾਠਕੋ! ਯਾਦ ਰੱਖੋ, ਤੁਹਾਡੇ ਜੀਵਣ ਦਾ ਮੂਲ ਇਹ ਵੀਰਜ ਹੀ ਹੈ। ਇਸਦੀ ਰੱਖਯਾ ਕਰੋ ਜੇਕਰ ਇਹ ਸੁਧ ਅਤੇ ਪਵਿਤ੍ਰ ਰਿਹਾ ਤਾਂ ਤੁਸੀਂ ਭੀ ਸੁਖੀ ਅਤੇ ਬਲਵਾਨ ਰਹੋਗੇ। ਪਰ ਜੇ ਇਸ ਨੂੰ ਵਿਗਾੜ ਦਿੱਤਾ ਤਾਂ ਤੁਹਾਡਾ ਭੀ ਸਭ ਕੁਝ ਵਿਗੜ ਜਾਵੇਗਾ ਇਸ ਲਈ ਉਚਿਤ

ਹੈ ਕਿ ਇਸਨੂੰ ਸੰਭਾਲ ਕੇ ਰਖੋ ਤੇ ਅਪਨੀ ਸੰਤਾਨ ਦੀ ਰਖਯਾ ਕਰੋ।

ਪੰਜਵਾਂ ਪਾਠ !

ਸੰਸਾਰ ਵਿਚ ਐਸੇ ਮਨੁਖ ਭੀ ਕੋਈ ਥੋੜੇ ਨਹੀਂ ਕਿ ਜਿਨ੍ਹਾਂ ਨੂੰ ਇਹ ਪਤਾ ਨਹੀਂ ਜੋ ਬ੍ਰਹਮ-ਚਰਜ ਰੱਖਣ ਦੇ ਕੀ ਲਾਭ ਹਨ। ਜੇਕਰ ਸੱਚ ਪੁਛੋ ਤਾਂ ਓਹ ਬ੍ਰਹਮਚਾਰੀ ਜਿਨ੍ਹਾਂ ਨੇ ਜਨਮ ਤੋਂ ਬ੍ਰਹਮਚਰਜ ਦਾ ਵਰਤ ਧਾਰਣ ਕੀਤਾ ਹੇ ਓਹ ਐਸੇ ਹੋਸਕਦੇ ਹਨ ਕਿ ਸੰਸਾਰਿਕ ਕੋਈ ਕਾਰਜ ਓਨ੍ਹਾਂ ਦੀ ਸ਼ਕਤੀ ਤੋਂ ਬਾਹਰ ਨਹੀਂ ਰਹੰ। ਪ੍ਰੀਖਯਾ ਕਰਕੇ ਦੇਖ ਲਿਆ ਗਿਆ ਹੈ ਕਿ ਜਿਨ੍ਹਾਂ ਲੜਕੇ ਲੜਕੀਆਂ ਦੀ ਕੁਸੰਗਤ ਕਰਕੇ ਮਹਾਂ ਦੁਰਦਸ਼ਾ ਹੋਗਈ ਸੀ, ਚੇਹਰੇ ਪੀਲੇ ਪੈਗਏ ਸਨ, ਅਖਾਂ ਦੀ ਜੋਤ ਜਾਂਦੀ ਰਹੀ ਸੀ, ਸਰੀਰ ਸੁਕਕੇ ਲਕੜੀ ਜੇਹਾ ਬਣਗਿਆ ਸੀ। ਓਨ੍ਹਾਂ ਨੇ ਤਿਨ ਹਫਤੇ ਸਾਡੇ ਕੈਹਣ ਦੇ ਅਨੁਸਾਰ ਅਪਣਾ ਆਚਰਣ ਕੀਤਾ ਤਾਂ ਓਨ੍ਹਾਂ ਦੀਆਂ ਅੱਖਾਂ ਵਿਚ ਜੋਤ ਜਗਮਗਾ ਗਈ ਅਤੇ ਓਨ੍ਹਾਂ ਦੇ ਚੇਹਰਿਆਂ ਦਾ ਰੰਗ ਬਦਲ ਗਿਆ। "ਸੁੰਦਰਤਾ ਦੇ ਗੁਝੇ ਭੇਦ" ਪੁਸਤਕ ਵਿਚ ਪੂਰੇ ਹਾਲ ਦੇਖੋ!

ਖੂਬਸੂਰਤ ਬਣਨ ਲਈ ਲੋਕ ਅਨੇਕ ਉਪਾਓ ਕਰਦੇ ਹਨ। ਅਨੇਕ ਦਵਾਈਆਂ ਖਾਂਦੇ ਤੇ ਪੌਡਰ (ਵਟਣੇ) ਮਲਦੇ

ਹਨ। ਦੂਜਿਆਂ ਦਾ ਮਨ ਖਿੱਚਣ ਲਈ ਸੁਰਮਾ, ਬਿੰਦੀ, ਤੇਲ, ਫੁਲੇਲ ਅਤੇ ਕੇਸਰ, ਚੰਦਨ ਦਾ ਉਪਯੋਗ ਕਰਦੇ ਹਨ, ਪਰ ਜੇਕਰ ਓਹ ਸਾਡੀ ਸਿੱਖਯਾ ਤੇ ਚਲਣ ਤਾਂ ਓਨ੍ਹਾਂ ਨੂੰ ਇਹ ਸਭ ਕੁਝ ਭੀ ਨਾ ਕਰਣਾ ਪਵੇ ਅਤੇ ਥੋੜ੍ਹੇ ਹੀ ਦਿਨਾਂ ਵਿਚ ਉਨਾਂਦਾ ਰੂਪ ਮਨ ਨੂੰ ਅਨੰਦ ਕਰ ਦੇਣ ਵਾਲਾ ਬਣ ਜਾਵੇ।

ਅਨੰਦਮਈ ਸੂਰਤ ਹੋਣੀ ਵਡੇ ਲਾਭ ਦੀ ਗੱਲ ਹੈ। ਇਸ ਨਾਲ ਅਨੇਕ ਸੰਸਾਰਿਕ ਕਾਰਜ ਸਿੱਧ ਹੁੰਦੇ ਹਨ। ਕਥਾ ਕਰਣ ਵਾਲੇ, ਪੜ੍ਹਾਣ ਵਾਲੇ, ਵਕੀਲ, ਹਕੀਮ ਅਤੇ ਦੁਕਾਨਦਾਰ ਜੇਕਰ ਅਰੋਗ ਅਤੇ ਪ੍ਰਸੰਨ ਮੁਖ ਹੋਣ ਤਾਂ ਓਨ੍ਹਾਂ ਦਾ ਰੁਜ਼ਗਾਰ ਬਹੁਤ ਹੀ ਚਲਦਾ ਹੈ।

ਬ੍ਰਹਮਚਾਰੀ ਵਿਚ ਸਭ ਤੋਂ ਵਡੀ ਗਲ ਇਹ ਹੇ ਕਿ ਉਸਦੇ ਸਰੀਰ ਵਿਚ ਐਸੀ ਖਿੱਚ ਪੈਦਾ ਹੋਜਾਂਦੀ ਹੈ ਕਿ ਹਰੇਕ ਉਸ ਨਾਲ ਕਾਰ ਵਿਹਾਰ ਵਧਾਉਂਣ ਲਈ ਚਾਹ ਰੱਖਦੇ ਹਨ। ਇਸ ਵਿਚ ਇਕ ਵਡਾ ਭੈ ਇਹ ਹੈ ਕਿ ਥੋੜੀ ਜੇਹੀ ਅਸਾਵਧਾਨੀ ਨਾਲ ਬ੍ਰਹਮਚਰਜ ਨਸ਼੍ਟ ਹੋ ਸਕਦਾ ਹੈ। ਪੁਰਖ ਲਈ ਇਸਤ੍ਰੀ ਅਤੇ ਇਸਤ੍ਰੀ ਲਈ ਪੁਰਖ ਖਿੱਚੇ ਜਾਂਦੇ ਹਨ। ਬ੍ਰਹਮਚਰਜ ਦੀ ਮੈਹਮਾ ਨੂੰ ਪੁਸਤਕ ਵਿਚ ਲਿਖਣਾ ਬਿਅਰਥ ਹੈ। "ਹਥ ਕੰਗਣ ਨੂੰ ਆਰਸੀ ਕੀ ?" ਪਾਠਕਗਣ ਜੇਕਰ ਯਤਨ ਕਰੋ ਤਾਂ ਖੁਦ ਹੀ ਅਜ਼ਮਾ ਸਕਦੇ ਹੋ ਪਰ ਜੇ ਪੰਜਾਬੀ ਪਾਠਕਾਂ ਦੀ ਇਛਾ ਦੇਖੀ ਤਦ ਅਸੀਂ ਕੇਵਲ "ਬ੍ਰਹਮਚਰਜ" ਨਾਮਕ ਪੁਸਤਕ ਇਸੇ ਭਾਵ ਦੀ ਹੀ ਡੇੜਕੁ ਸੌ ਸਫੇ ਦੀ ਅੱਡ ਪ੍ਰਕਾਸ਼ਤ ਕਰਨ ਦਾ ਵਿਚਾਰ ਰਖਦੇ ਹਾਂ॥

ਪਤਾ–ਮੋਹਨ ਸਿੰਘ ਵੈਦ ਤਰਨਤਾਰਨ (ਪੰਜਾਬ)

ਬ੍ਰਹਮਚਰਜ ਪਾਲਣ ਵਾਲਿਆਂ ਦਾ ਸਰੀਰ ਅਤੇ ਮਨ ਵਡਾ ਹੀ ਪ੍ਰਸੰਨ ਰੈਂਹਦਾ ਹੈ। ਹਿਰਦੇ ਦੇ ਵਿਚਾਰ ਵਡੇ ਗੰਭੀਰ ਹੋਜਾਂਦੇ ਹਨ। ਮਤਲਬ ਦੀ ਗਲ ਸਮਝਣ ਅਤੇ ਅੱਗਾ ਪਿਛਾ ਸੋਚਣ ਦੀ ਸਮਝ ਵਡੀ ਤੇਜ਼ ਹੋਜਾਂਦੀ ਹੈ। ਸੁੱਚਤਾ, ਸ਼ੁਭਕਰਮ, ਨਯਾਯ ਸਦਾਚਰਣ ਅਤੇ ਧਾਰਮਿਕ ਕਾਰਜ ਓਨਾਂ ਨੂੰ ਬਹੁਤ ਚੰਗੇ ਲਗਦੇ ਹਨ। ਸਾਰੇ ਕੰਮ ਕਾਰਾਂ ਵਿਖੇ ਓਨਾਂ ਦੀ ਦ੍ਰਿਸ਼੍ਟੀ ਅਤਿਯੰਤ ਤੀਖਣ ਹੋਜਾਂਦੀ ਹੈ। ਮਾਨਸਿਕ ਦ੍ਰਿਸ਼੍ਟੀ ਐਸੀ ਪ੍ਰਬਲ ਹੋਜਾਂਦੀ ਹੈ ਕਿ ਦੂਸਰੇ ਆਦਮੀ ਦੀ ਸ਼ਕਲ ਦੇਖ ਦਿਆਂ ਹੀ, ਉਸਦੇ ਮਨ ਵਿਚ ਕੀ ਕੁਝ ਹੁੰਦਾ ਹੈ, ਇਹ ਝਟ ਜਾਣ ਜਾਂਦੇ ਹਨ। ਇਕ ਦੁਕਾਨ ਦਾਰ ਅਪਣੇ ਗਾਹਕ ਦਾ ਮਤਲਬ ਦੂਰਤੋਂ ਹੀ ਸਮਝ ਜਾਂਦਾ ਸੀ ਕਿ ਕਿਸਨੂੰ ਕੈਸਾ ਮਾਲ ਅਤੇ ਕਿਸ ਭਾਉ ਤੋਂ ਪਸੰਦ ਆਵੇਗਾ। ਕਿਸ ਆੜ੍ਹਤੀ ਦੇ ਮਾਲ ਜਾਣਸਾਰ ਵਿਕ ਜਾਵੇਗਾ ਅਤੇ ਕਿਸ ਆੜ੍ਹਤੀ ਵਲੋਂ ਮਾਲ ਵਾਪਸ ਮੁੜ ਆਵੇਗਾ। ਨੌਕਰ ਚਾਕਰ ਅਤੇ ਮੁਨਸ਼ੀ ਅਪਣੇ ਮਨ ਦੀ ਕੋਈ ਗੱਲ ਉਸ ਮਾਲਕ ਤੋਂ ਲੁਕਾ ਛਿਪਾ ਨਹੀਂ ਸਕਦੇ ਸਨ। ਪੁਰਾਣੇ ਸਮੇ ਦੇ ਸਾਧੂ ਮਹਾਤਮਾ ਬ੍ਰਹਮਚਰਜ ਦੇ ਪ੍ਰਤਾਪ ਨਾਲ ਇਕ ਸਥਾਨ ਤੇ ਬੈਠੇ ਹੋਏ ਦੂਰ ੨ ਦਾ ਸਮਾਚਾਰ ਸਮਝ ਲੈਂਦੇ ਸਨ ਕੇਵਲ ਬ੍ਰਹਮਚਰਜ ਦੇ ਪ੍ਰਤਾਪ॥

ਜੇਕਰ ਪੁਰਾਣੀਆਂ ਪੁਸਤਕਾਂ ਪੜ੍ਹੀਆਂ ਜਾਣ ਤਾਂ ਓਨਾਂ ਵਿਚ ਸਾਧੂ ਸੰਤਾਂ ਦੀ ਸਮਰੱਥਾ ਦੇ ਅਨੇਕ ਉਦਾਹਰਣ ਮਿਲਣਗੇ। ਓਨਾਂ ਵਿਚ ਇਹ ਸ਼ਕਤੀ ਕੇਵਲ ਬ੍ਰਹਮਚਰਜ ਨਾਲ ਹੀ ਹੁੰਦੀ ਸੀ। ਦੇਵਤੇ ਈਰਖਾ ਦੇ ਵਸ ਹੋਕੇ ਓਨਾਂ

ਦਾ ਬ੍ਰਹਮਚਰਜ ਨਸ਼੍ਰ ਕਰਣ ਦੇ ਅਨੇਕ ਉਪਾਓ ਰਚਦੇ ਸਨ। ਗ੍ਰਿਸਤ ਵਿਚ ਰੈਹਕੇ ਜੋ ਬ੍ਰਹਮਚਰਜ ਦਾ ਪਾਲਨ ਕਰਦੇ ਹਨ ਓਨਾਂ ਦੀਆਂ ਸਾਰੀਆਂ ਚਾਹਾਂ ਪੂਰਣ ਹੋ ਜਾਂਦੀਆਂ ਹਨ।

ਬ੍ਰਹਮਚਰਜ ਧਾਰਣ ਕਰਣਾ ਕੋਈ ਐਡਾ ਔਖਾ ਕੰਮ ਨਹੀਂ ਕਿ ਜਿਸਦੇ ਸਮਝਾਉਂਣ ਲਈ ਸਾਨੂੰ ਬਹੁਤ ਕੁਝ ਲਿਖਣਾ ਪਵੇ। ਇਹ ਤਾਂ ਇਕ ਮੋਟੀ ਜੇਹੀ ਗਲ ਹੈ ਅਤੇ ਉਹ ਇਹ ਹੈ ਕਿ ਤੁਸੀਂ ਕਿਸੇਤਰਾਂ ਭੀਅਯੋਗਰੀਤਨਾਲ ਅਪਣਾ ਵੀਰਜ ਨਸ਼੍ਰ ਨਾ ਹੋਣ ਦਿਓ। ਜਿਨ੍ਹਾਂ ਕੰਮਾਂ ਤੋਂ ਇਸ ਕਿਸਮ ਦਾ ਡਰ ਹੈ ਕਿ ਤੁਹਾਨੂੰ ਵੀਰਯ ਨਸ਼ਟ ਕਰਨ ਲਈ ਬੇਵਸ ਹੋਣਾ ਪਵੇਗਾ ਓਨ੍ਹਾਂ ਕੰਮਾਂ ਦਾ ਧਿਆਨ ਹੀ ਨਾ ਕਰੋ ਜਿੱਥੇ ਤੁਸਾਂ ਜੀ ਕਰੜਾ ਕਰਕੇ ਅਤੇ ਹਿੰਮਤ ਬੰਨ੍ਹਕੇ ਇਹ ਨੇਮ ਕਰ ਲਿਆ ਕਿ ਕਿਸੇ ਤਰਾਂ ਵੀਰਯ ਨਸ਼ਟ ਨਹੀਂ ਹੋਣ ਦੇਣਾ ਤਾਂ ਤੁਸੀਂ ਬਾਜ਼ੀ ਜਿੱਤ ਜਾਓਗੇ। ਸ਼ੋਕ ਹੈ ਤਾਂ ਇਸ ਗੱਲਦਾ ਕਿ ਐਸੇ ਦ੍ਰਿੜ ਚਿੱਤ ਵਾਲੇ ਮਨੁਖ ਬਹੁਤ ਥੋੜੇ ਹਨ ਮਨੁਖ ਸਰੀਰ ਨੂੰ ਵੱਸ ਵਿਚ ਕਰਕੇ ਭੀ ਮਨ ਨੂੰ ਵੱਡੀ ਕਠ-ਨਤਾ ਨਾਲ ਰੋਕ ਸਕੀਦਾ ਹੈ ਮਨ ਦਾ ਸੁਭਾਉ ਹੈ ਕਿ ਜਿਸ ਗੱਲ ਨੂੰ ਤੁਸੀਂ ਭੁਲ ਜਾਣਾ ਚਾਹੁੰਦੇ ਹੋਵੋ ਓਹ ਤੁਹਾਡੇ ਸਾਹਮਣੇ ਤੋਂ ਥੋੜਾ ਜੇਹਾ ਭੀ ਪਰੇ ਹਟਣਾ ਨਹੀਂ ਚਾਹੁੰਦੀ ਕੇਵਲ ਅਭਜਾਸ ਵਧਾਉਣ ਨਾਲ ਮਨੁਖ ਆਪਣੀਆਂ ਸਾਰੀਆਂ ਬਿਰਤੀਆਂ ਨੂੰ ਆਪਣੇ ਅਧੀਨ ਕਰ ਸਕਦਾ ਹੈ। ਜਿਥੇ ਦ੍ਰਿੜ ਭਰੋਸਾ ਹੋਗਿਆ ਓਥੇ ਪ੍ਰਤਗਜਾਦਾ ਦ੍ਰਿੜ ਰੈਹਣਾ ਕੁਝ ਭੀ ਮੁਸ਼ਕਲ ਭਰਿਆ ਨਹੀਂ ਪ੍ਰਤੀਤ ਹੁੰਦਾ ਥੋੜੀ ਜੇਹੀ ਭੀ ਕਾਇਰਤਾ ਕਰਨ ਕਾਲ ਵਰਿਹਾਂ ਦਾ ਵਰਤ ਅੱਖ ਦੇ ਫੋਰ ਵਿਚ ਨਸ਼ਟ ਹੋਜਾਂਦਾ ਹੈ ਅਤੇ ਫੇਰ ਬਾਰ ੨ ਨਿਸ਼ਫਲ ਹੋਣ

ਦਾ ਡਰ ਬਣਿਆਂ ਰਹਿੰਦਾ ਹੈ। ਇਸਤ੍ਰੀਆਂ ਨੂੰ ਜਿਸ ਤਰਾਂ ਮਹੀਨੇ ਪਿੱਛੋਂ ਫੁੱਲ ਆਉਂਦੇ ਹਨ ਉਸੇ ਤਰਾਂ ਮਨੁਖਾਂ ਦੇ ਵਾਸਤੇ ਭੀ ਮਹੀਨੇ ਵਿਚ ਕੁਝ ਦਿਨ ਐਸੇ ਆਉਂਦੇ ਹਨ ਕਿ ਉਨ੍ਹਾਂ ਨੂੰ ਆਪਣਾ ਮਨ ਰੋਕਣਾ ਜ਼ਰਾ ਔਖਾ ਪ੍ਰਤੀਤ ਹੋਣ ਲਗ ਜਾਂਦਾ ਹੈ। ਪੰਦਰਾਂ ਦਿਨਾਂ ਦੀ ਪਵਿਤ੍ਰਤਾ ਨਾਲ ਹੀ ਮਨੁੱਖ ਦੇ ਵਿਚਾਰ ਦ੍ਰਿੜ ਹੋਣ ਲਗ ਜਾਂਦੇ ਹਨ, ਪਰ ਜੇਕਰ ਮਨ ਹੀ ਮਨ ਵਿਚ ਤੁਸੀਂ ਅਪਣੀ ਕਾਮਨਾ ਦਾ ਅਪਵਿਤ੍ਰਤਾ ਨਾਲ ਚਿੰਤਨ ਕਰਦੇ ਰਹੋ ਗੇ ਤਾਂ ਇਹ ਲਾਭ ਪ੍ਰਾਪਤ ਨਾ ਹੋਵੇ ਗਾ। ਪੇਹਲਾ ਮਹੀਨਾ ਸ਼ਾਂਤੀ ਨਾਲ ਪੂਰਾ ਕਰਣ ਨਾਲ ਦੂਸਰਾ ਮਹੀਨਾ ਬਹੁਤ ਮੁਸ਼ਕਲ ਨਾ ਪ੍ਰਤੀਤ ਹੋਵੇਗਾ, ਤਥਾ ਜਿਉਂ ੨ ਸਮਾ ਵਧਦਾ ਜਾਵੇ ਗਾ ਤਿਉਂ ੨ ਤੁਹਾਡੀ ਦ੍ਰਿੜਤਾ ਹੋਰ ਭੀ ਦ੍ਰਿੜ ਹੁੰਦੀ ਜਾਵੇਗੀ। ਸਰੀਰਕ ਅਤੇ ਮਾਨਸਿਕ ਸ਼ਕਤੀਆਂ ਦੀ ਉੱਨਤੀ ਤੁਹਾਡੇ ਸਾਹਣੇ ਪ੍ਰਤੱਖ ਦਿੱਸਣ ਲਗ ਜਾਣਗੀਆਂ। ਉਨ੍ਹਾਂ ਲੋਕਾਂ ਨੂੰ ਐਸੀ ਸ਼ਕਤੀ ਪ੍ਰਾਪਤ ਕਰਣ ਵਿਚ ਦੇਰ ਲਗਦੀ ਹੈ ਕਿ ਜਿਨ੍ਹਾਂ ਨੇ ਅਪਣਾ ਸੱਤਯਾਨਾਸ ਕਰਕੇ ਬ੍ਰਹਮ ਚਰਜ ਪਾਲਣਾ ਅਰੰਭ ਕੀਤਾ ਹੈ। ਕਦੇ ੨ ਮਹੀਨਿਆਂ ਦੀ ਕਮਾਈ ਇਕ ਪਲ ਵਿਚ ਅਸਾਵ ਵਧਾਨੀ ਦੇ ਕਾਰਣ ਨਸ਼ਟ ਕਰ ਦਿਤੀ ਜਾਂਦੀ ਹੈ। ਅਤੇ ਉਸ ਸਮੇ ਉਨ੍ਹਾਂ ਦੀਆਂ ਅੱਖਾਂ ਖੁਲਦੀਆਂ ਹਨ ਜਦ ਇਹ ਮਲੂਮ ਹੋ ਜਾਂਦਾ ਹੈ ਕਿ ਅਸਾਂ ਨੇ ਕਿਤਨਾ ਰਤਨ ਸਮਾਨ ਵੀਰਜ ਨਸ਼ਟ ਕੀਤਾ ਹੈ॥

ਜਿਸ ਤਰਾਂ ਅਸਾਂ ਪੇਹਲੇ ਕਿਹਾ ਹੈ ਕਿ ਮਹੀਨੇ ਵਿਚ ਇਕ ਸਮਾ ਐਸਾ ਆਉਂਦਾ ਹੈ ਕਿ ਮਨੁੱਖ ਬੇਵਸ ਹੋ ਜਾਂਦਾ ਹੈ, ਉਸ ਸਮੇ ਜੇਕਰ ਦ੍ਰਿੜਤਾ ਨਾਲ ਵੀਰਜ ਦਾ

ਨਿਰੋਧ ਕਰਲਿਆ ਗਿਆ ਤਾਂ ਓਹ ਵੀਰਜ ਫੇਰ ਸਰੀਰ ਵਿਚ ਦਾਖਲ ਹੋ ਜਾਂਦਾ ਹੈ ਅਤੇ ਨਸਾਂ ਪੁਸ਼ਟ ਹੋਕੇ ਮਗਜ਼ ਦੀ ਸ਼ਕਤੀ ਵਧ ਜਾਂਦੀ ਹੈ। ਸਰੀਰ ਵਿਚ ਕਦੇ ਨਾ ਦੇਖਣ ਜੇਹਾ ਆਨੰਦ ਪ੍ਰਤੀਤ ਹੋਣ ਲਗ ਜਾਂਦਾ ਹੈ। ਨਿਰੋਧ ਸ਼ਕਤੀ ਹੋਰ ਭੀ ਦ੍ਰਿੜ ਹੋਜਾਂਦੀ ਹੈ। ਇੰਦ੍ਰੀਆਂ ਦੇ ਉਤੇ ਅਧਿਕਾਰ ਹੋਰ ਭੀ ਵਧ ਜਾਂਦਾ ਹੈ। ਜਿਨ੍ਹਾਂ ਦਾ ਨਿਰੋਧ ਸ਼ਕਤੀ ਦਾ ਅਭਯਾਸ ਪੂਰਣ ਹੋ ਜਾਵੇ ਓਹ ਅਪਣੀ ਇੱਛਾ ਨਾਲ ਅਪਣਾ ਮਾਸਕ ਵਿਚਾਰ ਰੋਕ ਸਕਦੇ ਹਨ।

ਬ੍ਰਹਮ ਚਾਰਣੀ ਇਸਤ੍ਰੀਆਂ ਦੇ ਮਾਸਕ ਫੁਲ ਬੰਦ ਹੋ ਸਕਦੇ ਹਨ। ਇਹ ਸਾਰੀ ਸ਼ਕਤੀ ਸੁਧ ਬ੍ਰਹਮ ਚਰਜ ਧਾਰਣ ਕੀਤੇ ਬਿਨਾਂ ਨਹੀਂ ਹੋ ਸਕਦੀ। ਸੁਧ ਬ੍ਰਹਮ ਚਰਜ ਵਰਤਨਾ ਵਡਾ ਔਖਾ ਹੈ ॥

ਹੁਣ ਤਕ ਅਸਾਂ ਨੇ ਜੋ ਕੁਝ ਕਿਹਾ ਹੈ ਉਸਦਾ ਸਾਰ ਇਸ ਤਰਾਂ ਹੈ:—

ਅਪਣੇ ਸਰੀਰ ਨੂੰ ਸੁਧ ਅਤੇ ਪਵਿਤ੍ਰ ਰੱਖੋ ਅਤੇ ਵੀਰਜ ਦੀ ਰੱਖਯਾ ਕਰੋ। ਤੁਹਾਡੇ ਅੰਦਰ ਇਕ ਸ਼ਕਤੀ ਹੈ ਜੋ ਤੁਹਾਡੇ ਹੀ ਜੇਹੇ ਹੋਰ ਮਨੁੱਖ ਪੈਦਾ ਕਰ ਸਕਦੀ ਹੈ। ਓਹ ਸ਼ਕਤੀ ਜੇਕਰ ਤੁਹਾਡੇ ਅੰਦਰ ਹੀ ਰਹੇ ਤਾਂ ਤੁਹਾਡੀ ਸ਼ਕਤੀ ਕਈ ਗੁਣਾ ਹੋ ਸਕਦੀ ਹੈ ਅਤੇ ਤੁਸੀਂ ਅਨੇਕ ਅਚਰਜ ਭਰੇ ਕੰਮ ਕਰ ਸਕਦੇ ਹੋ ਵਿਸ਼ੇਸ਼ ਸ਼ਕਤੀਆਂ ਦੀ ਪ੍ਰਾਪਤੀ ਦੇ ਮਾਰਗ ਜਾਂਨਣ ਵਾਸਤੇ "ਆਤਮ ਵਿਦਯਾ ਦੇ ਗੁਰ" ਇਸੇ ਸਿਲ-ਸਿਲੇ ਦੀ ਪੁਸਤਕ ਮੰਗਵਾ ਕੇ ਪੜ੍ਹ ਲਵੋ ॥

ਛੇਵਾਂ ਪਾਠ !

ਸੰਸਾਰੀ ਮਨੁੱਖ ਦਾ ਸਭ ਤੋਂ ਪਯਾਰਾ ਕੰਮ ਵਿਸ਼ੈਭੋਗ ਦਾ ਹੈ । ਇਸਦੀ ਪ੍ਰਾਪਤੀ ਦੇ ਵਾਸਤੇ ਹੀ ਉਸਨੂੰ ਗ੍ਰਿਸਤੀ ਬਣਕੇ ਰੇਹਣਾ ਪੈਂਦਾ ਹੈ । ਜਿਸ ਮਨੁੱਖ ਨੂੰ ਇਸਦਾ ਸੁਖਾਲ ਹੈ ਓਹ ਅਪਣੇ ਆਪ ਨੂੰ ਸੁਖੀ ਸਮਝਦਾ ਹੈ ਅਤੇ ਜਿਸਨੂੰ ਇਸ ਵਿਚ ਰੋਕ ਹੈ ਓਹੋ ਦੁਖੀ ਹੈ । ਜਿਸ ਗ੍ਰਿਸਤੀ ਨੇ ਅਪਣੀਆਂ ਇੰਦ੍ਰੀਆਂ ਅਪਣੇ ਵਸ ਵਿਚ ਰਖੀਆਂ ਹਨ ਉਸਦਾ ਜੀਵਣ ਲੰਬਾ ਤੇ ਸੁਖਮਈ ਹੁੰਦਾ ਹੈ, ਪਰ ਜੋ ਇਸ ਮਿਥਿਆ ਸੁਖ ਵਿਚ ਹੀ ਰਾਤ ਦਿਨ ਮਗਨ ਰੈਂਹਦਾ ਹੈ ਉਸਨੂੰ ਥੋੜੇ ਸਮੇ ਵਿਚ ਹੀ ਅਪਣਾ ਜੀਵਣ ਭਾਰ ਸਮਾਨ ਮਲੂਮ ਦੇਣ ਲਗ ਜਾਂਦਾ ਹੈ । ਜਵਾਨੀ ਵਿਚ ਜੇਹੜੇ ਆਦਮੀ ਸੰਭਲ ਕੇ ਚਲਦੇ ਹਨ ਤਥਾ ਅਪਣੀ ਸਰੀਰਕ ਸ਼ਕਤੀ ਅਤੇ ਮਾਨਸਿਕ ਸ਼ਕਤੀ ਦੀ ਉਨਤੀ ਵਿਚ ਲਗੇ ਰੈਂਹਦੇ ਹਨ, ਅਪਣੇ ਪ੍ਰੇਮਪਾਤ੍ਰ ਨੂੰ ਅਪਣੇ ਜਸ ਅਤੇ ਗੁਣ ਭਰੇ ਕੰਮਾਂ ਨਾਲ ਮੋਹਤ ਰੱਖਦੇ ਹਨ ਓਨ੍ਹਾਂ ਦਾ ਮਨ ਸਦਾ ਹਰਿਆ ਭਰਿਆ ਰੈਂਹਦਾ ਹੇ । ਪਰ ਜੇਹੜੇ ਇਸਦੇ ਵਿਰੁਧ ਸੰਸਾਰ ਨੂੰ ਤਿਆਗ ਬੈਠਦੇ ਹਨ ਅਤੇ ਘਰ ਤੋਂ ਬਾਹਰ ਹੋਕੇ ਚਾਰ ਦਿਨ ਭੀ ਰੈਂਹਣਾ ਜਿਨ੍ਹਾਂ ਨੂੰ ਅਸੈਹ ਹੋਜਾਂਦਾ ਹੈ ਐਸੇ ਵਿਸ਼ਯ ਪ੍ਰੇਮੀ ਦੰਪਤੀ ਛੇਤੀ ਹੀ ਇਕ ਦੂਜੇ ਤੋਂ ਅੱਕ ਜਾਂਦੇ ਹਨ । ਅਤੇ ਥੋੜੇ ਦਿਨਾਂ ਵਿਚ ਹੀ "ਆਪਤੋਂ ਤੁਸੀਂ ਅਤੇ ਤੁਸੀਂ ਤੋਂ ਤੂੰ" ਕਰਣ ਲਗ ਜਾਂਦੇ ਹਨ।

ਜਦ ਤਕ ਦੋਹਾਂ ਦੇ ਸਰੀਰ ਵਿਚ ਵੀਰਜ ਭਰਿਆ ਰੈਂਹਦਾ ਹੈ। ਦੋਹਾਂ ਦੇ ਵਾਲ ੨ ਵਿਚ ਪ੍ਰੇਮ ਅਤੇ ਹਮਦਰਦੀ ਦੀ ਉਮੰਗ ਉਠਦੀ ਰੈਂਹਦੀ ਹੈ ਪਰ ਵੀਰਜ ਤੋਂ ਖਾਲੀ ਹੋਣ ਦੀ ਦਸ਼ਾ ਵਿਚ ਪੁਰਾਣੇ ਅਨੰਦ ਦਾ ਓਨ੍ਹਾਂ ਨੂੰ ਸੁਪਨਾ ਆਉਣਾ ਭੀ ਔਖਾ ਹੋ ਜਾਂਦਾ ਹੈ। ਅਤੇ ਪਿਛਲਾ ਸੁਖ ਯਾਦ ਆਕੇ ਦੁਖ ਹੁੰਦਾ ਹੈ। ਓਹ ਉਸਦੀ ਪ੍ਰਾਪਤੀ ਦੇ ਵਾਸਤੇ ਅਨੇਕ ਉਪਾਓ ਕਰਦੇ ਹਨ। ਸਮਾਚਾਰ ਪਤ੍ਰਾਂ ਵਿਚ ਜੇਹੜੀਆਂ ਦਵਾਈਆਂ ਦੇ ਇਸ਼ਤਹਾਰ ਛਪਦੇ ਹਨ ਓਨ੍ਹਾਂ ਨੂੰ ਮੰਗਾਉਂਦੇ ਹਨ। ਸਾਧੂ ਸੰਨਯਾਸੀਆਂ ਤੇ ਦੋਸਤ ਮਿਤ੍ਰਾਂ ਤੋਂ ਨੁਸਖੇ ਪੁਛਦੇ ਹਨ। ਜਿਸ ਤਰਾਂ ਥੱਕਿਆ ਹੋਇਆ ਘੋੜਾ ਚਾਬਕ ਖਾਣ ਤੇ ਦੋ ਤਿਨ ਕਦਮ ਛੇਤੀ ੨ ਚਲਕੇ ਫੇਰ ਮਧਮ ਪੈਜਾਂਦਾ ਹੈ। ਇਹੋ ਹਾਲ ਇਨ੍ਹਾਂ ਦਾ ਹੁੰਦਾ ਹੈ। ਦਵਾਈ ਖਾਂਣ ਤੇ ਓਨ੍ਹਾਂ ਨੂੰ ਇਹ ਭਰੋਸਾ ਹੋਜਾਂਦਾ ਹੈ ਕਿ ਹੁਣ ਅਸੀਂ ਅਗੇ ਵਾਂਙੂ ਹੋਗਏ ਹਾਂ। ਅਤੇ ਇਸ ਭਰੋਸੇ ਤੇ ਓਹ ਅਗੇ ਨਾਲੋਂ ਭੀ ਵਧ ਖਰਾਬ ਹੁੰਦੇ ਹਨ। ਫਲ ਇਸਦਾ ਇਹ ਹੁੰਦਾ ਹੈ ਕਿ ਓਨ੍ਹਾਂ ਦੀ ਦੁਰਦਸ਼ਾ ਹੋਰ ਭੀ ਬਲ ਪਕੜਦੀ ਚਲੀ ਜਾਂਦੀ ਹੈ। ਕੰਮ ਕਾਜ ਕਰਣ ਦੀ ਭੀ ਓਨ੍ਹਾਂ ਵਿਚ ਸਮਝ ਨਹੀਂ ਰੈਂਹਦੀ। ਦੋ ਪੈਸੇ ਦਾ ਰੁਜਗਾਰ ਕਰਨਾ ਭੀ ਐਸੇ ਆਦਮੀਆਂ ਨੂੰ ਔਖਾ ਹੋਜਾਂਦਾ ਹੈ। ਇਕ ਦੂਸਰੇ ਦਾ ਤ੍ਰਿਸਕਾਰ ਕਰਕੇ ਅਪਾਰ ਨਿਰਾਸ਼ਾ ਵਿਚ ਮਗਨ ਰੈਂਹਦੇ ਹਨ। ਉਸ ਪਰ ਭੀ ਓਨ੍ਹਾਂ ਨੂੰ ਗਿਆਨ ਨਹੀਂ ਹੁੰਦਾ ਕਿ ਹੁਣ ਭੀ ਬ੍ਰਹਮਚਰਜ ਧਾਰਣ ਕਰੀਏ, ਅਪਣੇ ਆਚਰਣ ਸੁਧਾਰੀਏ ਤਥਾ ਕੁਝ ਤੋਂ ਕੁਝ ਬਣਨ ਦਾ ਜਤਨ ਕਰੀਏ।

ਯਾਦ ਰਖਣਾ ਚਾਹੀਦਾ ਹੈ ਕਿ ਇਸਤ੍ਰੀ ਅਤੇ ਪੁਰਖ

ਦੇ ਸੰਜੋਗ ਨਾਲ ਇਕ ਨਵਾਂ ਪ੍ਰਾਣੀ ਬਣਦਾ ਹੈ ਅਰਥਾਤ ਦੋਹਾਂ ਦੇ ਪ੍ਰਾਣਾਂ ਦਾ ਕੁਝ ਭਾਗ ਇਕੱਠਾ ਹੋਕੇ ਹੀ ਨਵਾਂ ਪ੍ਰਾਣੀ ਬਣਦਾ ਹੈ। ਜੋ ਕੇਵਲ ਛਿਨਮਾਤ੍ਰ ਦੇ ਸੁਖ ਲਈ ਇਸ ਕੰਮ ਵਿਚ ਛੇਤੀ ਪ੍ਰਵਿਰਤ ਹੁੰਦੇ ਹਨ ਓਹ ਥੋੜਾ ੨ ਕਰਕੇ ਅਪਣੇ ਪ੍ਰਾਣ ਨਸ਼੍ਟ ਕਰਣ ਦਾ ਕੰਮ ਕਰਦੇ ਹਨ।

ਦੇਸ ਵਿਚ ਵਿਭਚਾਰ ਵਧਣ ਦਾ ਭੀ ਇਹੋ ਕਾਰਣ ਹੈ ਕਿ ਲੋਕ ਸੰਜਮ ਰੈਹਤ ਹੋਗਏ ਹਨ। ਇਸਤ੍ਰੀ ਗਰਭਣੀ ਅਥਵਾ ਰੋਗੀ ਹੋਜਾਣ ਦੀ ਦਸ਼ਾ ਵਿਚ ਭੀ ਏਨ੍ਹਾਂ ਤੋਂ ਬ੍ਰਹਮਚਰਜ ਨਹੀਂ ਪਾਲਿਆ ਜਾਂਦਾ।

ਇਸ ਦੇਸ ਵਿਚ ਪੈਹਲਾਂ ਸੁਵੰਬਰ ਦੀ ਚਾਲ ਸੀ। ਲੜਕੀ ਦਾ ਪਿਤਾ ਦਿਨ ਨਿਯਤ ਕਰਕੇ ਵਿਆਹ ਦੀ ਅਭਿਲਾਖਾ ਰੱਖਣ ਵਾਲੇ ਯੋਗ ਪੁਰਖਾਂ ਨੂੰ ਇਕਤ੍ਰ ਕਰਦਾ ਸੀ ਅਤੇ ਓਨ੍ਹਾਂ ਦੇ ਬਲ, ਪੁਰਖਾਰਥ ਤਥਾ ਧਨ ਮਾਲ ਦਾ ਸਾਰਾ ਹਾਲ ਅਪਣੀ ਲੜਕੀ ਨੂੰ ਦੱਸਦਾ ਸੀ। ਫਿਰ ਉਹ ਖੁਦ ਸਭਾ ਮੰਡਪ ਵਿਚ ਆਕੇ ਇਕ ੨ ਨੂੰ ਦੇਖਦੀ ਸੀ ਜਿਸਨੂੰ ਦੇਖਕੇ ਉਹ ਪ੍ਰਸੰਨ ਹੁੰਦੀ ਸੀ ਉਸੇ ਦੇ ਗਲ ਵਿਚ ਜੈ ਮਾਲਾ ਪਾਉਂਦੀ ਸਾਂ। ਹੁਣ ਇਹ ਚਾਲ ਸਾਡੇ ਦੇਸ ਵਿਚੋਂ ਵਿਦੈਗੀ ਪਾਗਈ ਹੈ ਪਰ ਸਾਡੇ ਰਾਜਾ ਅੰਗ੍ਰੇਜ ਬਹਾਦੁਰ ਜਿਸ ਦੇਸ ਦੇ ਹਨ, ਓਥੇ ਕੰਨਿਆਂ ਅਪਣਾ ਵਰ ਆਪ ਭਾਲਦੀ ਹੈ। ਅਨੁਭਵ ਤੋਂ ਇਹ ਮਲੂਮ ਹੋਇਆ ਹੈ ਕਿ ਲੜਕੀ ਦਾ ਹਿਰਦਾ ਉਸੇ ਪੁਰਖ ਵਲ ਅਧਿਕ ਖਿਚਦਾ ਹੈ ਜੋ ਬ੍ਰਹਮਚਾਰੀ ਹੋਵੇ ਗ੍ਰਿਸਤ ਵਿਚ ਭੀ ਜੋ ਪੁਰਖ ਸੰਭਲਕੇ ਨਹੀਂ ਰੈਂਹਦੇ ਓਹ ਛੇਤੀ ਹੀ ਅਪਣੀ ਇਸਤ੍ਰੀ ਦੀ ਨਜ਼ਰ ਤੋਂ ਗਿਰ ਜਾਂਦੇ ਹਨ।

ਇਸ ਦੇਸ ਵਿਚ ਅਜ ਕਲ ਬ੍ਰਹਮ ਚਰਜ ਦੀ ਵਡੀ ਦੁਰਦਸ਼ਾ ਹੈ। ਕੌਮ ਦਾ ਧਯਾਨ ਇਸ ਵਲ ਬਿਲ ਕੁਲ ਨਹੀਂ ਹੈ। ਜਿਸ ਕਰਮ ਦਾ ਧਯਾਨ ਪੂਰੇ ਜਵਾਨ ਹੋਕੇ ਕਰਣਾ ਯੋਗ ਹੈ ਉਸਦੀ ਚਰਚਾ ਬਹੁਤ ਥੋੜੀ ਉਮਰ ਵਿਚ ਹੀ ਅਰੰਭ ਹੋਜਾਂਦੀ ਹੈ। ਨਿੱਕੀਆਂ ਲੜਕੀਆਂ ਗੁੱਡੀਆਂ ਖੇਡਦੀਆਂ ਹਨ, ਉਸ ਵਿਚ ਇਹੋ ਨਕਲ ਕੀਤੀ ਜਾਂਦੀ ਹੈ। ਓਹ ਗੁੱਡੀਆਂ ਅਤੇ ਗੁੱਡਿਆਂ ਦੀ ਸਗਾਈ ਕਰਦੀਆਂ ਹਨ, ਵਿਆਹ ਕਰਦੀਆਂ ਹਨ, ਉਨ੍ਹਾਂ ਦੀਆਂ ਗੁੱਡੀਆਂ ਨੂੰ ਬੱਚੇ ਪੈਦਾ ਹੁੰਦੇ ਹਨ। ਓਹ ਉਸਦਾ ਗੀਤ ਗਾਉਂਦੀਆਂ ਹਨ॥

ਛੋਟੇ ੨ ਲੜਕਿਆਂ ਦਾ ਵਿਆਹ ਹੋ ਜਾਂਦਾ ਹੈ। ਓਹ ਸਹੁਰੇ ਘਰ ਸੱਦੇ ਜਾਂਦੇ ਹਨ। ਛੋਟੀ ਵੱਡੀ ਲੜਕੀਆਂ ਜੋ ਉਨ੍ਹਾਂ ਦੀਆਂ ਸਾਲੀਆਂ ਕਹਾਉਂਦੀਆਂ ਹਨ ਉਨ੍ਹਾਂ ਨਾਲ ਹਾਸਾ ਠੱਠਾ ਕਰਦੀਆਂ ਹਨ। ਕੌਮ ਇਨ੍ਹਾਂ ਨੂੰ ਉਚਿਤ ਸਮਝਕੇ ਪ੍ਰਸੰਨ ਹੁੰਦੀ ਹੈ, ਇਹ ਸਾਡੇ ਦੇਸ ਦੀ ਮੂਲ਼ ਸਿੱਖਯਾ ਹੈ। ਬਾਲਪੁਣ ਤੋਂ ਲੜਕੇ ਲੜਕੀਆਂ ਦੇ ਧਯਾਨ ਬੁਰੇ ਪਾਸੇ ਖਿਚੇ ਜਾਂਦੇ ਹਨ। ਇਸਦਾ ਕਾਰਣ ਇਹ ਹੈ ਕਿ ਜਦ ਇਸ ਦੇਸ ਵਿਚ ਵਿਦੇਸੀ ਮੁਸਲਮਾਨਾਂ ਦਾ ਰਾਜ ਹੋਇਆ ਤਦ ਇਸਤ੍ਰੀਆਂ ਨੂੰ ਜਵਾਨ ਹੋਣ ਤਕ ਕੁਆਰਾ ਰੈਹਣਾ ਔਖਾ ਹੋਗਿਆ। ਜਿਤਨੀ ਛੋਟੀ ਲੜਕੀਆਂ ਘਰ ਵਾਲੀਆਂ ਬਣ ਜਾਣ ਉਤਨਾ ਹੀ ਚੰਗਾ ਸਮਝਿਆ ਗਿਆ, ਸੁਅੰਬਰ ਦਾ ਖ਼ਯਾਲ ਨਾ ਰਿਹਾ। ਮਾਤਾ ਪਿਤਾ ਨੂੰ ਹੀ ਵਿਆਹ ਦਾ ਪ੍ਰਬੰਧ ਕਰਣਾ ਪਿਆ ਅਤੇ ਚੇਸ਼ਟਾ ਹੋਣ ਲਗੀ ਕਿ ਹੋਸ਼ ਆਉਣ ਤੋਂ ਪੈਹਲਾਂ ਹੀਂ ਸਭ ਲੜਕੇ ਲੜਕੀਆਂ ਵਿਆਹ ਦੇ ਬੰਧਨ ਵਿਚ ਬੱਝ ਜਾਣ॥

ਕਿਸੇ ਸਮੇਂ ਵਿਚ ਇਹ ਚਾਲ ਭਾਵੇਂ ਚੰਗੀ ਗਿਣੀ ਜਾਂਦੀ ਹੋਵੇ, ਪਰ ਅੱਜ ਕਲ ਦਾ ਸੁਧਾਰ ਇਸ ਨੂੰ ਚੰਗਾ ਨਹੀਂ ਸਮਝਦਾ। ਬਾਲ ਅਵਸਥਾ ਸਿਖ੍ਯਾ ਦਾ ਸਮਾ ਹੈ, ਇਸ ਅਵਸਥਾ ਵਿਚ ਵਿਦ੍ਯਾ ਪੜ੍ਹਨ ਦੀ ਚਰਚਾ ਦੇ ਸਿਵਾਇ ਹੋਰ ਕੁਝ ਨਹੀਂ ਹੋਣਾ ਚਾਹੀਦਾ। ਇਹ ਕੋਈ ਨਵੀਂ ਗੱਲ ਨਹੀਂ ਹੈ। ਲੋਕ ਇਸ ਗੱਲ ਨੂੰ ਖੂਬ ਜਾਣਦੇ ਹਨ ਕਿ ਜੇਹੜੇ ਲੜਕੇ ਬ੍ਰਹਮ ਚਰਜ ਨਹੀਂ ਰੱਖਦੇ ਓਹ ਬਾਰ ੨ ਪ੍ਰੀਖਿਆ ਵਿਚ ਫੇਲ ਹੋਜਾਂਦੇ ਹਨ। ਫੁਟਬਾਲ ਕ੍ਰਿਕਟ ਤਥਾ ਡੰਡ ਕਸਰਤ ਤੋਂ ਜੀ ਚੁਰਾਉਂਦੇ ਹਨ। ਸਾਨੂੰ ਇਕ ਦਿਨ ਇਕ ਹੋਣਹਾਰ ਵਿਦ੍ਯਾਰਥੀ ਤੇ ਵਡਾ ਸ਼ੋਕ ਆਇਆ। ਓਹ ਇਕ ਧਨੀ ਪਰਵਾਰ ਦਾ ਹੈ। ਬਾਲ ਅਵਸਥਾ ਵਿਚ ਹੀ ਉਸਦਾ ਇਕ ਧਨਵਾਨ ਦੀ ਕੰਨਯਾਂ ਨਾਲ ਵਿਆਹ ਹੋ ਗਿਆ। ਆਪ ਏਧਰ ਸਕੂਲ ਵਿਚ ਪੜ੍ਹਨ ਲਗੇ। ਲੜਕੀ ਓਧਰ ਵੇਹਲੀ ਰੈਹਕੇ ਵਧਣ ਲਗੀ ਇਨ੍ਹਾਂ ਨੂੰ ਅਪਣੀ ਪ੍ਰੀਖ੍ਯਾ ਦੀ ਚਿੰਤਾ ਸੀ, ਉਸਨੂੰ ਅਪਣੇ ਨਵੇਂ ਵਿਆਹ ਦਾ ਚਾਉ ਸੀ। ਦੇਖਦਿਆਂ ੨ ਓਹ ਸਮਾ ਆ ਗਿਆ, ਵਿਦ੍ਯਾਰਥੀ ਨੂੰ ਗਰਭਾਧਾਨ ਵਿਧੀ ਦਾ ਨਾਟਕ ਖੇਲਨਾ ਪਿਆ। ਵੀਰਜ ਨਾਸ ਤੋਂ ਐਸਾ ਹੋਇਆ ਕਿ ਉਨ੍ਹਾਂ ਦੀ ਪੜ੍ਹਾਈ ਵਿਚ ਖਲਬਲੀ ਪੈ ਗਈ ਅੰਤਨੂੰ ਸਭ ਪਿਸਓਂ ਫੇਲ ਹੋਏ। ਵਾਰੋ ਵਾਰੀ ਚਾਰ ਬਾਲ ਬੱਚੇ ਹੋਏ, ਚਾਰੇ ਹੀ ਕਾਲ ਦੇ ਮੂੰਹ ਵਿਚ ਚਲੇ ਗਏ। ਵਿਦ੍ਯਾਰਥੀ ਤਾਂ ਅਪਣੇ ਫੇਲ ਹੋਣ ਦੇ ਦੁਖ ਝਲ ਰਹੇ ਸਨ ਤੇ ਲੜਕੀ ਕੁਮੌਕੇ ਗਰਭਾਧਾਰਣ ਨਾਲ ਦੁਖੀ ਸੀ। ਦੋਹਾਂ ਦਾ ਜੀਵਣ ਮਿੱਟੀ ਹੁੰਦਾ ਜਾ ਰਿਹਾ ਹੈ॥

ਲੜਕਿਆਂ ਨੂੰ ਸਿਖਯਾ ਦੇਣ ਦੀ ਜਿਤਨੀ ਚੇਸ਼ਟਾ ਕੀਤੀ ਜਾਂਦੀ ਹੈ ਉਤਨੀ ਲੜਕੀਆਂ ਦੇ ਵਾਸਤੇ ਨਹੀਂ ਕੀਤੀ ਜਾਂਦੀ। ਲੜਕੀਆਂ ਜਿਸ ਸਮੇ ਹੋਸ਼ ਸੰਭਾਲਦੀਆਂ ਹਨ, ਸ਼ੀਸ਼ੇ ਸੁਰਮੇ ਵਿਚ ਰੁਝ ਦੀਆਂ ਅਤੇ ਗੈਂਹਣੇ ਪਾਕੇ ਨੱਚਦੀਆਂ ਟੱਪਦੀਆਂ ਹਨ। ਲਾਡ ਪਯਾਰ ਵਾਲੀਆਂ ਮਾਵਾਂ ਭੀ ਇਨ੍ਹਾਂ ਨੂੰ ਘਰ ਦੇ ਕੰਮ ਕਾਜ ਵਿਚ ਨਹੀਂ ਲਾਉਂਦੀਆਂ। ਸਮਾਂ ਲਭਦਿਆਂ ਹੀ ਓਹ ਅਪਣੀਆਂ ਸਹੇਲੀਆਂ, ਪੜੋਸਣਾ ਅਤੇ ਭਰਜਾਈਆਂ ਤੋਂ ਬੁਰੇ ਵਾਕ ਸੁਣਨ ਵਿਚ ਵਕਤ ਗੁਜਾਰਦੀਆਂ ਹਨ। ਜੇਕਰ ਲੜਕੀਆਂ ਨੂੰ ਭੀ ਲੜਕਿਆਂ ਦੀ ਤਰਾਂ ਸਿਖਯਾ ਵਿਚ ਪਾਦਿਤਾ ਜਾਵੇ ਤਾਂ ਉਨ੍ਹਾਂ ਨੂੰ ਅਪਣਾ ਮਨ ਵਿਗਾੜਨ ਦਾ ਐਤਨਾਂ ਸਮਾ ਨਾ ਮਿਲੇ। ਇਹ ਬਿਲਕੁਲ ਸੱਚੀ ਵਾਰਤਾ ਹੈ ਕਿ ਵੇਹਲੇ ਆਦਮੀ ਨੂੰ ਸ਼ੈਤਾਨ ਅਪਣੇ ਕਾਰਜਾਂ ਵਿਚ ਲਗਾ ਲੈਂਦਾ ਹੈ॥

ਮੈਂ ਜਿਥੋਂ ਤਾਂਈ ਜਾਨਦਾ ਹਾਂ, ਮਾਂ ਪਿਓ ਨੂੰ ਭੀ ਅਪਣੀ ਲੜਕੀਆਂ ਦਾ ਆਚਰਣ ਰੜਕਦਾ ਹੈ ਅਤੇ ਓਹ ਇਸ ਜਤਨ ਵਿਚ ਲਗਦੇ ਹਨ ਕਿ ਜਿਤਨਾ ਛੇਤੀ ਹੋਵੇ ਲੜਕੀ ਉਨ੍ਹਾਂ ਦੀ ਅੱਖਾਂ ਤੋਂ ਪਰੇ ਹੋ ਜਾਵੇ। ਪਰ ਜੇਕਰ ਲੜਕੀਆਂ ਵਿਦਯਾ ਪ੍ਰਾਪਤੀ ਵਿਚ ਮਗਨ ਰੈਹਣ ਤਾਂ ਉਨ੍ਹਾਂ ਨੂੰ ਲੜਕੀਆਂ ਦਾ ਵਿਆਹ ਛੇਤੀ ਕਰਣ ਦੀ ਹਫੜਾ ਦਫੜੀ ਕਦੇ ਸੁਪਨੇ ਵਿਚ ਭੀ ਨਾ ਪਵੇ॥

ਲੜਕੇ ਲੜਕੀਆਂ ਬ੍ਰਹਮਚਰਜ ਧਾਰਣ ਕਰਕੇ ਇਤਨੀ ਸਿਖਜਾ ਪ੍ਰਾਪਤ ਕਰਣ ਕਿ ਓਹ ਅਪਣੇ ਮਾਤਾ ਪਿਤਾ ਪਾਸੋਂ ਕਿਸੇ ਪ੍ਰਕਾਰ ਦੀ ਮਦਤ ਨਾ ਮਿਲਣ ਦੀ

ਹਾਲਤ ਵਿਚ ਹੀ ਅਪਣਾ ਪਾਲਣ ਪੋਸਣ ਚੰਗੀ ਤਰਾਂ ਕਰ ਸਕਣ ਅਤੇ ਅਪਣੀ ਉਲਾਦ ਨੂੰ ਚੰਗੀ ਤਰਾਂ ਸਿਖਯਾ ਦੇ ਸਕਣ।

ਅਜ ਕਲ ਬਹੁਤ ਚਿੰਤਾ ਮਾਤਾ ਪਿਤਾ ਨੂੰ ਇਸ ਗਲ ਦੀ ਰੈਂਹਦੀ ਹੈ ਕਿ ਓਨ੍ਹਾਂ ਦੀ ਸੰਤਾਨ ਓਨ੍ਹਾਂ ਦੀਆਂ ਅੱਖਾਂ ਅਗੇ ਹੀ ਸੰਤਾਨ ਵਾਲੀ ਹੋਜਾਵੇ। ਓਹ ਝਟ ਪਟ ਬਾਬਾ ਕਹਾਉਂਣ ਵਿਚ ਬਹੁਤ ਅਨੰਦ ਸਮਝਦੇ ਹਨ। ਜੋ ਲੜਕੇ ਦੋ ਆਨੇ ਦੇ ਪੈਸੇ ਕਮਾਉਂਣ ਦਾ ਵਲ ਨਹੀਂ ਜਾਣਦੇ ਓਹ ਛੇਤੀ ਹੀ ਤਿਨ ਚਾਰ ਬਾਲਕਾਂ ਦੇ ਪੇਓ ਬਣ ਬੈਠਦੇ ਹਨ, ਜਿਸ ਕਰਕੇ ਓਨ੍ਹਾਂ ਨੂੰ ਗਰੀਬੀ ਦੇ ਚਿੱਕੜ ਵਿਚ ਲਿਬੜਕੇ ਗੁਜ਼ਰਾਨ ਕਰਨੀ ਪੈਂਦੀ ਹੈ। ਜਦ ਤਕ ਤਾਂ ਮਾਂ ਪੇਓ ਦੀ ਦੌਲਤ ਨਾਲ ਪਰਵਾਰ ਦਾ ਗੁਜ਼ਾਰਾ ਚਲਿਆ ਜਾਂਦਾ ਹੈ ਤਦ ਤਕ ਤਾਂ ਓਹ ਵਿਸ਼ੇ ਭੋਗਹੀ ਵਿਚ ਮਸਤ ਰੈਂਹਦੇ ਹਨ। ਜਦ ਸਿਰ ਤੋਂ ਮਾਤਾ ਪਿਤਾ ਦਾ ਛਤ੍ਰ ਉਠ ਜਾਂਦਾ ਹੈ ਅਤੇ ਓਨ੍ਹਾਂ ਨੂੰ ਸੰਸਾਰਿਕ ਅਗਨੀ ਵਿਚ ਤਪਣਾ ਪੈਂਦਾ ਹੈ ਤਦ ਅਪਣੇ ਪਿਛਲੇ ਕਰਮਾਂ ਦਾ ਸਿਮਰਣ ਹੁੰਦਾ ਹੈ ਅਤੇ ਓਹ ਪਛਤਾਉਂਦੇ ਹਨ। ਅਯੋਗਤਾ ਦੇ ਕਾਰਣ ਅਪਣੀ ਸੰਤਾਨ ਨੂੰ ਭੀ ਚੰਗੀ ਤਰਾਂ ਨਹੀਂ ਪੜ੍ਹਾ ਸਕਦੇ।

"ਜੋ ਬੀਤੀ ਸੋ ਜਾਣ ਦੇਹ ਅਗੇ ਦੀ ਸੁਧ ਲੇਹੁ" ਇਸ ਬਚਨ ਤੇ ਭਰੋਸਾ ਰੱਖਕੇ ਸਾਡਾ ਹਰ ਕਿਸੇ ਨੂੰ ਆਖਣਾ ਹੈ ਕਿ ਓਹ ਇੰਦ੍ਰੀਆਂ ਦੇ ਵੇਗ ਨੂੰ ਰੋਕਣ ਦਾ ਅਨੰਦ ਲੈਣ। ਅਪਣੇ ਮਿਤ੍ਰਾਂ ਨੂੰ ਉਪਦੇਸ਼ ਕਰਣ। ਯੁਵਕ ਅਤੇ ਯੁਵਤੀਆਂ ਨੂੰ ਬ੍ਰਹਮਚਰਜ ਵਿਚ ਰੈਂਹਣ ਲਈ ਤਕੜੇ ਕਰਣ। ਪਸ਼ੂ ਅਤੇ ਮਨੁਖ ਵਿਚ ਤਦੇ ਹੀ ਕੁਝ ਫਰਕ ਹੋ ਸਕਦਾ ਹੈ ਕਿ

ਜਦ ਓਹ ਅਪਣੀਆਂ ਇੰਦ੍ਰੀਆਂ ਨੂੰ ਰੋਕਣ। ਬਹੁਤ ਮਨੁਖ ਤਾਂ ਪਸ਼ੂਆਂ ਕੋਲੋਂ ਭੀ ਲੰਘੇ ਹੋਏ ਹੁੰਦੇ ਹਨ। ਅਸਾਂ ਜੋ ਕੁਝ ਉਤੇ ਲਿਖਿਆ ਹੈ ਉਸਦੀ ਪੁਸ਼ਟੀ ਵਿਚ ਸੈਂਕੜੇ ਉਦਾਹਰਣ ਅਪਣੇ ਆਪ ਪਾਠਕਾਂ ਦੇ ਅਗੇ ਆ ਖੜੋਨਗੇ। ਸਤਸੰਗ ਦੀ ਅਪਾਰ ਮੈਹਮਾ ਹੈ। ਪੁਰਖ ਦੇ ਸੁਧਾਚਾਰੀ ਹੋਜਾਣ ਨਾਲ ਇਸਤ੍ਰੀ ਭੀ ਵੈਸੀ ਹੀ ਹੋਜਾਂਦੀ ਹੈ।

ਇਕ ਸਥਾਨ ਤੇ ਬੈਠੇ ਹੋਏ ਬ੍ਰਹਮਚਾਰੀ ਅਤੇ ਵਿਸ਼ਈ ਵਲ ਨਜ਼ਰ ਕਰੋ ਤਾਂ ਤੁਹਾਨੂੰ ਮਲੂਮ ਹੋਵੇਗਾ ਜੋ ਦੋਹਾਂ ਵਿਚ ਸੁਰਗ-ਨਰਕ ਦਾ ਫਰਕ ਹੈ। ਸ਼ਾਸਤ੍ਰਕਾਰ ਆਖਦੇ ਹਨ ਕਿ ਜਿਥੋਂ ਤਕ ਹੋਸਕੇ ਅਪਣੀ ਸੰਤਾਨ ਨੂੰ ਕੁਸੰਗ ਤੋਂ ਬਚਾਉਂਣਾ ਚਾਹੀਦਾ ਹੈ। ਬਹੁਤ ਸਾਰੇ ਭੋਲੇ ਲੜਕੇ ਕੁਸੰਗ ਤੋਂ ਹੀ ਬੁਰੀਆਂ ਆਦਤਾਂ ਸਿੱਖਦੇ ਹਨ। ਹੋਰ ਤਾਂ ਕੀ ਕੋਈ ੨ ਨੀਚ ਪੁਰਸ਼ ਜੇਹੜੇ ਓਨ੍ਹਾਂ ਦੇ ਉਸਤਾਦ ਕਹਾਉਂਦੇ ਹਨ ਓਹੋ ਓਨ੍ਹਾਂ ਨੂੰ ਨਸ਼੍ਟ ਕਰਣ ਵਾਲੇ ਹੋ ਜਾਂਦੇ ਹਨ। ਦੇਸ ਦੇ ਮੰਦੇ ਭਾਗ! ਜਿਸ ਭਾਰਤ ਵਿਚ ਮਹਾਂਨ ਪਵਿਤ੍ਰਤਾ ਦੇ ਸੋਮੇ ਸਦਾ ਹੀ ਸੁਹਾਵਨੇ ਰਹਕੇ ਪ੍ਰਦੇਸੀਆਂ ਨੂੰ ਭੀ ਪਵਿਤ੍ਰ ਜੀਵਨ ਪ੍ਰਦਾਨ ਕਰਦੇ ਸਨ ਅਜ ਉਸੇ ਦੇਸ ਦੀ ਸੰਤਾਂਨ ਹਿੰਦੁਸਤਾਨੀ ਕੌਮ ਵਿਚ ਚੰਗੀ ਸੰਗਤ ਬਹੁਤ ਔਖਜਾਈ ਨਾਲ ਮਿਲਦੀ ਹੈ। ਮਾਤਾ ਪਿਤਾ ਦਾ ਪਰਮ ਧਰਮ ਹੈ ਕਿ ਓਹ ਅਪਣੇ ਬਾਲ ਬੱਚੇ ਨੂੰ ਇੰਦ੍ਰੀਆਂ ਦੇ ਵੇਗ ਨੂੰ ਰੋਕਣ ਦਾ ਪਾਠ ਸਿਖਾਉਂਣ ਅਤੇ ਆਤਮ ਸੁਧਾਰ, ਸੁਖੀ ਜੀਵਣ ਦੇ ਗੁਰ, "ਸ੍ਰੇਸ਼੍ਟ ਕੁਲਾਂ ਦੀ ਚਾਲ, ਜੀਵਣ ਸੁਧਾਰ" ਆਦਿਕ ਪੁਸਤਕਾਂ ਪੜ੍ਹਾਉਂਣ ਦਾ ਜਤਨ ਕਰਣ ਤਾਂ ਜੋ ਓਨ੍ਹਾਂ ਨੂੰ ਅਪਣੀ ਸੰਤਾਨ ਦੇ ਮਿਠੇ ਫਲ ਪ੍ਰਾਪਤ ਹੋਣ।

ਸਾਰੇ ਪੁਰਖ ਇਹ ਚਾਹੁੰਦੇ ਹਨ ਕਿ ਓਨ੍ਹਾਂ ਦੀ ਵ੍ਯਿਆਹਤਾ ਓਨ੍ਹਾਂ ਦੇ ਅਧੀਨ ਰਹੇ। ਇਸ ਲਈ ਇੱਛਾ ਨਾਂ ਕਰਣ ਤੇ ਭੀ ਉਸਦੀ ਪ੍ਰਸੰਨਤਾ ਦੀ ਖਾਤਰ ਵਿਸ਼ੇ ਵਾਸ਼ਨਾ ਵਿਚ ਮਗਨ ਰੈਂਹਦੇ ਹਨ। ਜੋ ਲੋਕ ਚਾਹੁੰਦੇ ਹਨ ਕਿ ਅਸੀਂ ਐਸੇ ਕਰਮਾਂ ਨਾਲ ਅਪਣੀ ਇਸਤ੍ਰੀ ਨੂੰ ਪ੍ਰਸੰਨ ਰੱਖ ਸਕਾਂਗੇ ਓਨ੍ਹਾਂ ਦੀ ਇਹ ਵਡੀ ਭੁਲ ਹੈ। ਇਸਤ੍ਰੀਆਂ ਐਸੇ ਪੁਰਖਾਂ ਤੋਂ ਹੀ ਪ੍ਰਸੰਨ ਰੈਂਹਦੀਆਂ ਹਨ ਜੋ ਓਨ੍ਹਾਂ ਨੂੰ ਅਪਣੇ ਬਲ ਅਤੇ ਪੌਰਖ ਨਾਲ ਅਪਣੇ ਵਸ਼ ਵਿਚ ਰਖਦੇ ਹਨ। ਜਿਸਦੇ ਅਧੀਨ ਰੈਹਣ ਵਿਚ ਓਨ੍ਹਾਂ ਨੂੰ ਕੁਝ ਭੈ ਨਹੀਂ ਹੈ ਅਤੇ ਉਹ ਅਪਣਾ ਜੀਵਣ ਬੇਫ਼ਿਕਰੀ ਨਾਲ ਬਿਤਾਉਂਦੀਆਂ ਹਨ। ਜਿਸ ਪੁਰਖ ਵਿਚ ਇੰਦ੍ਰੀਆਂ ਦੇ ਨਿਗ੍ਰਹ ਕਰਣ ਦੀ ਸ਼ਕਤੀ ਹੈ ਉਹ ਓਨ੍ਹਾਂ ਲਈ ਪੂਜਨੀਯ ਦੇਵਤੇ ਸਮਾਨ ਹੁੰਦਾ ਹੈ। ਐਸੇ ਪੁਰਖ ਦੀ ਸੇਵਾ ਕਰਣ ਵਿਚ ਓਨ੍ਹਾਂ ਨੂੰ ਵਡਾ ਅਨੰਦ ਆਉਂਦਾ ਹੈ। ਜੋ ਪੁਰਖ ਚੰਗੇ ਆਚਰਣਾਂ ਵਾਲਾ ਹੁੰਦਾ ਹੈ ਉਸਤੇ ਇਸਤ੍ਰੀ ਵੱਡਾ ਭਰੋਸਾ ਰੱਖਦੀ ਹੈ। ਉਸਦੇ ਹਿਰਦੇ ਵਿਚ ਸਦਾ ਸੰਤੋਖ ਰੈਂਹਦਾ ਹੈ ਇਸਦੇ ਵਿਰੁੱਧ ਵਿਸ਼ਈ ਪਤੀ ਓਨਾਂ ਨੂੰ ਸਦਾ ਭਿਆਨਕ ਪ੍ਰਤੀਤ ਹੁੰਦਾ ਹੈ ਕਿਉਂਕਿ ਓਹ ਜਾਣਦੀਆਂ ਹਨ ਕਿ ਇਸਦਾ ਸਾਰਾ ਪਿਆਰ ਕੇਵਲ ਇਕ ਕਰਮ ਦੇ ਨਮਿੱਤ ਹੈ। ਰੋਗੀ ਦਸ਼ਾ ਵਿਚ ਭੀ ਓਨ੍ਹਾਂ ਨੂੰ ਵਿਵੱਸ ਹੋਣਾ ਪੈਂਦਾ ਹੈ। ਵਿਦੇਸ਼ ਵਿੱਚ ਰਹਿਣ ਤਥਾ ਮੇਲੇ ਤਮਾਸ਼ਿਆਂ ਵਿੱਚ ਜਾਣ ਤੇ ਉਨ੍ਹਾਂ ਨੂੰ ਆਪਣੇ ਪਤੀ ਦਾ ਅਵਿਸ਼ਵਾਸ ਹੀ ਬਣਿਆ ਰੈਂਹਦਾ ਹੈ। ਰਾਤ ਦਿਨ ਉਨ੍ਹਾਂ ਨੂੰ ਆਪਣੀ ਸਜ ਧਜ ਵਿੱਚ ਹੀ ਰਹਿਣਾ ਪੈਂਦਾ ਹੈ ਕਿਉਂਕਿ ਓਹ ਜਾਣਦੀਆਂ ਹਨ ਕਿ ਸਾਡੇ ਪਤੀ ਦਾ ਪਿਆਰ ਕੇਵਲ

ਸਭ ਤਰਾਂ ਦੀਆਂ ਦਵਾਵਾ ਤੇ ਹੋਰ ਚਾਜ਼ਾ ਮਗਾਵਣ ਵਾਸਤੇ

ਦੇਹ ਨਾਲ ਹੀ ਸੰਬੰਧ ਰੱਖਦਾ ਹੈ। ਉਸਦੀ ਪ੍ਰਸੰਨਤਾ ਲਈ ਉਨ੍ਹਾਂ ਨੂੰ ਅਭੱਖ ਭੀ ਖਾਣਾ ਪੈਂਦਾ ਹੈ। ਕਈ ਧਰਮ ਭਾਵ ਤੋਂ ਹੀਣੀਆਂ ਨੂੰ ਸ਼ਰਾਬ ਆਦਿ ਪੀਣ ਦੇ ਵਿੱਚ ਆਪਣੇ ਪਤੀ ਨਾਲ ਸਾਥਣਾ ਬਣਨਾ ਪੈਂਦਾ ਹੈ। ਇਸੇ ਕਾਰਨ ਤੇ ਬਿਅੰਤ ਇਸਤ੍ਰੀਆਂ ਅਫੀਮ ਦਾ ਅਮਲ ਲਗਾਕੇ ਸਦਾ ਦੁਖ ਦਾ ਸ਼ਿਕਾਰ ਬਣਦੀਆਂ ਰੈਂਹਦੀਆਂ ਹਨ॥

ਬ੍ਰਹਮਚਰਜ ਦੀ ਮਹਿੰਮਾ ਜਾਨਨ ਵਾਲੇ ਪਤੀ ਦਾ ਜੀਵਣ ਬਹੁਤ ਹੀ ਚੰਗਾ ਬੀਤਦਾ ਹੈ। ਜੋ ਪਤੀ ਆਪਣਾ ਧਰਮ ਸਮਝਕੇ ਇਸਤ੍ਰੀ ਦਾ ਆਦਰ ਕਰਦਾ ਹੈ, ਉਸਦਾ ਭਰਣ ਪੋਸਣ ਕਰਦਾ ਹੈ, ਉਸਨੂੰ ਸੁਖੀ ਰਖਦਾ ਹੈ, ਐਸੇ ਪਤੀ ਦੇ ਪੈਰਾਂ ਨੂੰ ਇਸਤ੍ਰੀ ਧੋਕੇ ਪੀਣਾ ਚਾਹੁੰਦੀ ਹੈ। ਅਸੀ ਕਈ ਐਸੇ ਉਦਾਹਰਣ ਦੇ ਸਕਦੇ ਹਾਂ ਕਿ ਜਿਨ੍ਹਾਂ ਢਲਦੀ ਉਮਰ ਵਾਲਿਆਂ ਨੇ ਨਵੀਆਂ ਯੁਵਤੀਆਂ ਨਾਲ ਵਿਆਹ ਕੀਤਾ ਹੈ ਉਨ੍ਹਾਂ ਨੂੰ ਆਪਣੇ ਵਰਤਾਓ ਨਾਲ ਐਸਾ ਪ੍ਰਸੰਨ ਰੱਖਯਾ ਹੈ ਕਿ ਓਹ ਉਸਦੀਆਂ ਦਾਸੀਆਂ ਬਣ ਗਈਆਂ ਹਨ ਇੱਛਾ ਹੋਈ ਪਰ ਸੰਤਾਨ ਭੀ ਪ੍ਰਾਪਤ ਕੀਤੀ ਹੈ ਅਤੇ ਲੌਕਿਕ ਸਨਮਾਨ ਭੀ ਪ੍ਰਾਪਤ ਕੀਤਾ ਹੈ॥

ਸੱਤਵਾਂ ਪਾਠ !

ਕਿਸੇ ਖਾਸ ਵਿਸ਼ਯ ਦਾ ਧਿਆਨ ਮਨ ਵਿੱਚ ਕੁਝ ਸਮੇਂ ਤਕ ਕੈਮ ਰੱਖਣ ਲਈ ਮਾਨਸਿਕ ਸ਼ਕਤੀ ਦੀ ਵੱਡੀ ਲੋੜ ਹੈ। ਇਸ ਗਲ ਨੂੰ ਬਹੁਤ ਥੋੜੇ ਆਦਮੀ ਜਾਣਦੇ ਹਨ ਕਿ ਏਕਾਗਰ ਮਨ ਕਰਨ ਦੀ ਅਯੋਗਤਾ ਦੇ ਕਾਰਣ ਓਹ ਸਦਾ ਆਪਣਾ ਬਹੁਤ ਸਾਰਾ ਨੁਕਸਾਨ ਕਰਦੇ ਰਹਿੰਦੇ ਹਨ॥

ਐਸੇ ਆਦਮੀ ਤਲਾਸ਼ ਕਰਨ ਤੇ ਭੀ ਵੱਡੀ ਔਖਿਆਈ ਨਾਲ ਮਿਲਣਗੇ ਜੋ ਆਪਣੇ ਮਨ ਨੂੰ ਏਕਾਗਰ ਕਰਕੇ ਇਕ ਹੀ ਵਿਚਾਰ ਅਥਵਾ ਧਿਆਨ ਵਿੱਚ ਲਗਾ ਸਕਦੇ ਹੋਣ। ਮਨੁਖ ਦੇ ਮਗਜ਼ ਵਿੱਚ ਸੈਂਕੜੇ ਵਿਚਾਰ ਭਰੇ ਪਏ ਹਨ। ਉਸਦਾ ਇਕੱਲਾ ਮਨ ਕਦੇ ਏਥੇ ਕਦੇ ਓਥੇ ਦੌੜਦਾ ਫਿਰਦਾ ਹੈ ਉਸਨੂੰ ਇਤਨਾ ਅਭਿਆਸ ਨਹੀਂ ਹੈ ਕਿ ਇਕ ਥਾਂ ਠੈਹਰਕੇ ਇਕ ਵਿਚਾਰ ਕਰੇ। ਇਹੋ ਕਾਰਣ ਹੈ ਕਿ ਮਨੁਖ ਦਾ ਮਨ ਆਪਣੇ ਦਿਮਾਗ਼ ਦੇ ਵਿਚਾਰ ਆਪਣੇ ਮਨ ਦੇ ਅਧੀਨ ਨਹੀਂ ਰੱਖ ਸਕਦਾ। ਮਗਜ਼ ਦੇ ਵਿਚਾਰ ਬਿਨਾ ਰਾਜੇ ਦੀ ਫੌਜ ਦੀ ਤਰਾਂ ਏਧਰ ਓਧਰ ਬੇਲਗਾਮ ਫਿਰਿਆ ਕਰਦੇ ਹਨ ਜੋ ਆਦਮੀ ਆਪਣੇ ਵਿਚਾਰ ਆਪਣੇ ਮਨ ਦੇ ਅਧੀਨ ਕਰ ਸਕਦਾ ਹੈ ਓਹ ਆਪਣਾ ਜੀਵਨ ਸਭ ਤੋ ਉੱਤਮ ਬਣਾ ਸਕਦਾ ਹੈ॥

ਧਰਮ ਸਿੱਖਯਾ ਰਹਿਤ ਬਹੁਤ ਪੜ੍ਹਨਾ ਭੀ ਮਨੁਖ ਦੇ ਵਿਚਾਰਾਂ ਨੂੰ ਏਧਰ ਓਧਰ ਕਰ ਸਕਦਾ ਹੈ ਓਹਨਾਂਦੇ ਸਿਰ ਸੈਂਕੜੇ ਗੱਲਾਂ ਆਉਂਦੀਆਂ ਤੇ ਚਲੀਆਂ ਜਾਂਦੀਆਂ ਹਨ। ਕਿਸੇ ਨੂੰ ਥੋੜ੍ਹੀ ਜੇਹੀ ਦੇਰ ਭੀ ਠੈਹਰਣ ਦਾ ਥਾਂ ਨਹੀਂ ਮਿਲਦਾ। ਨਾਵਲਾਂ ਅਤੇ ਅਖਬਾਰਾਂ ਪੜ੍ਹਨ ਦੀ ਜਿਨ੍ਹਾਂ ਨੂੰ ਬਹੁਤ ਆਦਤ ਪੈਜਾਂਦੀ ਹੈ ਓਹ ਇਸੇ ਸ੍ਰੇਣੀ ਦੇ ਮਨੁਖ ਹਨ। ਅਸੀਂ ਐਸੇ ਅਨੇਕਾਂ ਮਨੁਖਾਂ ਨੂੰ ਜਾਣਦੇ ਹਾਂ ਜਿਨ੍ਹਾਂ ਦੇ ਦਿਮਾਗ ਬਹੁਤ ਪੜ੍ਹਨ ਦੇ ਕਾਰਣ ਹੀ ਐਸੇ ਹੋਗਏ ਹਨ ਕਿ ਓਨ੍ਹਾਂ ਦਾ ਮਨ ਕਿਸੇ ਕਾਰ ਵਿਹਾਰ ਵਿਚ ਨਹੀਂ ਲਗਦਾ, ਓਹ ਉਦਰ ਪੂਰਤੀ ਦਾ ਜਿਸਤਰਾਂ ਕਿਸਤਰਾਂ ਪ੍ਰਬੰਧ ਕਰਕੇ ਕਿੱਸੇ ਅਤੇ ਅਖ਼ਬਾਰਾਂ ਪੜ੍ਹਨ ਵਿਚ ਹੀ ਦਿਨ ਰਾਤ ਬਿਤਾਉਂਦੇ ਹਨ। ਲੋਕਾਂ ਦੀਆਂ ਕਤਾਬਾਂ ਮੰਗਾਕੇ ਫੇਰ ਵਾਪਸ ਨਹੀਂ ਦੇਂਦੇ। ਅਪਣੀ ਗਰੀਬੀ ਦੱਸਕੇ ਅਥਵਾ ਸਮਾਚਾਰ ਭੇਜਣ ਦਾ ਲਾਲਚ ਦੇਕੇ ਅਖਬਾਰ ਪੜ੍ਹਦੇ ਹਨ। ਨਵੇਂ ੨ ਪਤੇ ਲਿਖਕੇ ਨਮੂਨੇ ਮੰਗਾਉਂਦੇ ਰੈਹਂਦੇ ਹਨ। ਸ਼ੌਕੀਨ ਗ੍ਰਾਹਕ ਸਮਝਕੇ ਅਖਬਾਰਾਂ ਦੇ ਮਾਲਕ ਇਨ੍ਹਾਂਦੇ ਨਾਉਂ ਬਰਸਾਂ ਤਕ ਅਖਬਾਰਾਂ ਭੇਜਦੇ ਰੈਂਹਦੇ ਹਨ। ਏਹ ਓਨ੍ਹਾਂ ਨੂੰ ਕੌੜੀ ਭੀ ਨਹੀਂ ਦੇਂਦੇ। ਅਮੀਰਾਂ ਦੇ ਲੜਕੇ ਨਾਵਲਾਂ ਪੜ੍ਹਦੇ ੨ ਅਪਣਾ ਨਿਜਦਾ ਕੰਮ ਛੱਡ ਦੇਂਦੇ ਹਨ। ਇਨ੍ਹਾਂ ਤੋਂ ਜੇ ਕੋਈ ਨਾਵਲਾਂ ਵਿਚ ਲਿਖੇ ਅਸਲੀ ਪ੍ਰਸੰਗ ਨੂੰ ਪੁਛੇ ਤਾਂ ਕੁਝ ਭੀ ਨਹੀਂ ਦੱਸ ਸਕਦੇ। ਆਖਦੇ ਹਨ ਕਿ ਅਸਾਂ ਫਲਾਣੀ ਪੁਸਤਕ ਪੜ੍ਹੀ ਤਾਂ ਹੈ ਪਰ ਹੁਣ ਉਸਦਾ "ਕੀ ਵਿਸ਼ਯ ਸੀ ਇਹ ਯਾਦ ਨਹੀਂ ਰਿਹਾ" ਨਾਵਲਾਂ ਵਿਚ ਕੁਝ ਨਾ ਕੁਝ ਉਪਦੇਸ਼ ਜ਼ਰੂਰ ਹੁੰਦਾ ਹੈ। ਪਰ ਐਸੇ ਪੜ੍ਹਨ ਵਾਲੇ

ਉਸਦਾ ਅਸਲੀ ਮਤਲਬ ਕਦੇ ਨਹੀਂ ਸਮਝ ਸਕਦੇ, ਸਿਰਫ ਓਨ੍ਹਾਂ ਦੇ ਬਾਹਰੀ ਸਵਾਦ ਤੇ ਮੋਹਿਤ ਹੋ ਜਾਂਦੇ ਹਨ। ਇਹ ਲੋਕ ਜੁਲਾਹਿਆਂ ਦੇ ਅੱਡੇ ਦੀ ਤਰਾਂ ਹਨ। ਸੈਂਕੜੇ ਗਜ ਕਪੜਾ ਬੁਨ ਜਾਂਦੇ ਹਨ, ਪਰ ਅਪਣੇ ਕੰਮ ਨੂੰ ਕੁਝ ਭੀ ਨਹੀਂ ਸਮਝਦੇ। ਜਿਸਤਰਾਂ ਓਨਾਂ ਨੂੰ ਚਲਾਇਆ ਜਾਂਦਾ ਹੈ ਉਸੇ ਤਰਾਂ ਚਲਿਆ ਕਰਦੇ ਹਨ।

ਐਸੇ ਆਦਮੀ ਕੋਈ ਕੰਮ ਕਾਰ ਦੀ ਗਲ ਨਹੀਂ ਸਿੱਖ ਸਕਦੇ ਕਿਉਂਕਿ ਓਨਾਂ ਦਾ ਮਨ ਏਕਾਗਰ ਨਹੀਂ ਹੁੰਦਾ। ਸਾਰੇ ਉਪਦੇਸ਼ ਏਸ ਕੰਨੋਂ ਪ੍ਰਵੇਸ਼ ਕਰਕੇ ਦੂਸਰੇ ਥਾਣੀ ਨਿਕਲ ਜਾਂਦੇ ਹਨ। ਅਜੇਹਾ ਮਨੁੱਖ ਅਸਲੋਂ ਹੀ ਨਿਕੰਮਾ ਜੇਹਾ ਹੋ ਜਾਂਦਾ ਹੈ।

ਬਹੁਤ ਸਾਰੇ ਐਸੇ ਪ੍ਰਾਣੀ ਭੀ ਹਨ ਜਿਨ੍ਹਾਂ ਨੂੰ ਗੱਲਾਂ ਮਾਰਨ ਦਾ ਵੱਡਾ ਸ਼ੌਕ ਹੈ। ਗੱਪਾਂ ਮਾਰਨੀਆਂ, ਥੋਥੀਆਂ ਕਹਾਣੀਆਂ ਕੈਹਣੀਆਂ, ਲੋਕਾਂ ਦੀ ਨਿੰਦਯਾ ਕਰਣੀ ਓਨਾਂ ਦਾ ਸੁਭਾਓ ਬਣ ਗਿਆ ਹੈ! ਐਸੇ ਲੋਕ ਭੰਗ ਪੀਂਦੇ, ਅਫ਼ੀਮ ਖਾਂਦੇ ਜਾਂ ਤਕੀਆਂ ਵਿਚ ਹੁੱਕਾ ਪੀਂਦੇ ਰੈਂਹਦੇ ਹਨ ਤੇ ਬਿਅਰਥ ਜਟਵੈੜੀਆਂ ਮਾਰਿਆ ਕਰਦੇ ਹਨ। ਇਕ ਸੰਤ ਪੁਰਸ਼ਾਂ ਦਾ ਕਥਨ ਹੈ ਕਿਃ—

"ਪੋਥੀ ਪੜ੍ਹ ਪੜ੍ਹ ਜਗ ਮੋਯਾ ਪੰਡਤ ਭਯਾ ਨ ਕੋਇ।
ਇੱਕੋ ਅੱਖਰ ਪ੍ਰੇਮ ਦਾ ਪੜ੍ਹੇ ਸੋ ਪੰਡਤ ਹੋਇ।"

ਤਾਤ ਪਰਜ ਇਹ ਕਿ ਪੜ੍ਹਿਆ ਥੋੜ੍ਹਾ ਹੀ ਜਾਵੇ ਪਰ ਮਨਨ ਚੰਗੀਤਰਾਂ ਕੀਤਾ ਜਾਵੇ ਤਾਂ ਲਾਭਦਾਇਕ ਹੁੰਦਾ ਹੈ। ਪਿੰਡਾਂ ਦੇ ਲੋਕ ਆਖਿਆ ਕਰਦੇ ਹਨ ਕਿ "ਪੜ੍ਹੇ ਤਾਂ ਬਥੇਰਾ, ਪਰ ਗੁੜ੍ਹੇ ਨਹੀਂ" ਸੋ ਠੀਕ ਨਹੀਂ ਹੈ ਪੜ੍ਹਕੇ ਗੁਣਨਾ ਚਾਹੀਦਾ

ਹੈ। ਕੀ ਇਹ ਸ਼ੋਕ ਦੀ ਗਲ ਨਹੀਂ ਕਿ–ਲੱਖਾਂ ਇਸਤ੍ਰੀਆਂ ਪੁਰਖ ਜਿਨ੍ਹਾਂ ਦੇ ਦਿਮਾਗ਼ ਨਾਲ ਅਨੇਕਾਂ ਉਪਕਾਰ ਹੁੰਦੇ, ਨਾਵਲਾਂ ਪੜ੍ਹ ੨ ਕੇ ਨਾਂ ਅਪਣੇ ਕੰਮ ਦੇ ਰੈਹੰਦੇ ਹਨ ਨਾਂ ਦੁਨੀਆਂ ਦੇ ਹੀ। ਜੇਕਰ ਓਨ੍ਹਾਂ ਵਿਚ ਧਾਰਨਾ ਸ਼ਕਤੀ ਬਣੀ ਰੈਂਹਦੀ ਤਾਂ ਓਹ ਨਿਕੰਮੇ ਕਦੇ ਨਾ ਬਣਦੇ॥

ਇਕ ਵਡੀ ਹਾਨੀ ਇਹ ਹੁੰਦੀ ਹੈ ਕਿ ਜੋ ਲੋਕ੍ਰ ਅਪਣੀਆਂ ਇੰਦ੍ਰੀਆਂਨੂੰ ਭੀ ਵਸ ਵਿਚ ਨਹੀਂ ਲਿਆ ਸਕਦੇ ਓਨ੍ਹਾਂ ਦੇ ਹਿਰਦੇ ਵਿਚ ਜਦ ਜੋ ਲੈਹਰ ਉਠਦੀ ਹੈ ਉਸੇ ਵਿਚ ਗੋਤੇ ਖਾਣ ਲਗ ਜਾਂਦੇ ਹਨ। ਜਿੱਥੇ ਓਨ੍ਹਾਂ ਨੂੰ ਭਰਾ ਭਾਈਆਂ ਦਾ ਲਿਹਾਜ਼ ਨਾਂ ਰਿਹਾ ਓਹ ਨੀਚ ਕਰਮ ਕਰਣ ਵਿਚ ਭੀ ਅਪਣੀ ਨਿੰਦਯਾ ਦਾ ਭੈ ਨਹੀਂ ਰਖਦੇ॥

ਇਹ ਇਕ ਬਣੀ ਬਣਾਈ ਗਲ ਹੈ ਕਿ ਮਨੁੱਖ ਨੂੰ ਨਿਵਾਣ ਦੀ ਵਲ ਜਾਣ ਵਿਚ ਤਕਲੀਫ਼ ਨਹੀਂ ਹੁੰਦੀ, ਪਰ ਉੱਚੇ ਚੜ੍ਹਨ ਵਿਚ ਵੱਡਾ ਕਸ਼ਟ ਮਲੂਮ ਹੁੰਦਾ ਹੈ। ਨੀਚ ਆਦਮੀਆਂ ਦੀ ਪ੍ਰਕ੍ਰਿਤੀ ਪਸ਼ੂਆਂ ਦੀ ਤਰਾਂ ਗ੍ਯਾਨ ਰੈਹਤ ਹੁੰਦੀ ਹੈ। ਓਹ ਕਿਸੇ ਗਲ ਦਾ ਨਤੀਜਾ ਨਹੀਂ ਸੋਚਦੇ ਕੇਵਲ ਤਤਕਾਲਿਕ ਇੰਦ੍ਰੀਆਂ ਦੇ ਸੁਖ ਵਿਚ ਹੀ ਪ੍ਰਸੰਨ ਰੈਂਹਦੇ ਹਨ। ਇੰਦ੍ਰੀਆਂ ਦਾ ਭੀ ਇਹ ਹਾਲ ਹੈ ਕਿ ਜਦ ਤਕ ਓਹ ਰੋਕੀਆਂ ਜਾਂਦੀਆਂ ਹਨ ਤਦ·ਤਕ ਸ਼ਾਂਤ ਰੈਂਹਦੀਆਂ ਹਨ। ਜਦ ਉਨ੍ਹਾਂ ਨੂੰ ਸੰਭਾਲਣ ਵਾਲਾ ਕੋਈ ਨਾਂ ਰਿਹਾ ਓਹ ਅਨੁਚਿਤ ਕਰਮਾਂ ਦੀ ਵਲ ਹੀ ਦੌੜਦੀਆਂ ਹਨ॥

ਇਸ ਪਾਠ ਨੂੰ ਪੜ੍ਹਕੇ ਕਈ ਸਜਣ ਕਹਿੰਣਗੇ "ਕਿ ਗਲ ਤਾਂ ਸਾਰੀ ਸਚ ਕਹੀ ਗਈ ਹੈ, ਪਰ ਇਹ ਸਭ ਮੂਰਖਾਂ ਲਈ ਹੈ। ਮੇਰਾ ਮਨ ਇੰਦ੍ਰੀਆਂ ਤੇ ਸਦਾ ਪ੍ਰਬਲ ਰਹਿੰਦਾ

ਹੈ। ਕੋਈ ਦਸੇ ਕਿ ਮੈਂ ਕਦੇ ਕੋਈ ਬੁਰਾ ਕੰਮ ਕਰਦਾਹਾਂ?" ਇਹ ਸੱਚ ਹੈ, ਦਿਖਾਵੇ ਦੀ ਭਲਮਾਣਸੀ ਤੁਹਾਨੂੰ ਚੰਗੀ ਤਰਾਂ ਆਉਂਦੀ ਹੈ। ਲੋਕ ਤੁਹਾਨੂੰ ਵਡੇ ਧਾਰਮਿਕ, ਸਦਾ ਚਾਰੀ ਅਤੇ ਇਨਸਾਫ ਪਸੰਦ ਸਮਝਦੇ ਹਨ, ਪਰ ਸਚ ਦੱਸੋ ਜੋ ਤੁਹਾਡੇ ਹਿਰਦੇ ਵਿਚ ਕੀ ਗੁਜ਼ਰਿਆ ਕਰਦੀ ਹੈ? ਕੀ ਸਾਰੇ ਸੰਸਾਰ ਦੀ ਦੌਲਤ ਪ੍ਰਾਪਤ ਕਰਕੇ ਭੀ ਤੁਸੀ ਕਿਸੇ ਨੂੰ ਅਪਣੇ ਲਾਲਚ ਸੰਬੰਧੀ ਗੱਲ ਦੱਸਦੇ ਹੋ? ਕੈਸੀਆਂ ੨ ਬੁਰੀਆਂ ਭਾਵਨਾ ਤੁਹਾਡੇ ਹਿਰਦੇ ਵਿਚ ਛਿਪੀਆਂ ਹੋਈਆਂ ਹਨ, ਉਨ੍ਹਾਂ ਨੂੰ ਤੁਸੀ ਆਪਹੀ ਜਾਣਦੇ ਹੋ॥

ਕਿੱਸੇ ਕਹਾਣੀ ਪੜ੍ਹਨ ਅਤੇ ਫਾਲਤੂ ਗੱਲਾਂ ਵਿਚ ਮਨ ਰਾਜ਼ੀ ਕਰਣ ਵਾਲਿਆਂ ਨੂੰ ਲਭਣ ਦੀ ਖੇਚਲ ਤੁਹਾਨੂੰ ਨਾ ਕਰਨੀ ਪਵੇਗੀ। ਜਿਧਰ ਤੁਸੀ ਧਯਾਨ ਲਾਕੇ ਦੇਖੋਗੇ ਓਧਰ ਹੀ ਆਪਨੂੰ ਐਸੇ ਮਨੁਖ ਮਿਲ ਜਾਣਗੇ। ਸ਼ੈਹਰਾਂ ਦਾ ਤਾਂ ਆਖਣਾ ਹੀ ਕੀ। ਪਿੰਡਾਂ ਵਿਚ ਭੀ ਲੋਕ ਵੇਹਲੇ ਬੈਠਕੇ ਥੋਥੀਆਂ ਗੱਲਾਂ ਕਰਦੇ ਨਜ਼ਰ ਪੈਣਗੇ॥

ਏਕਾਗ੍ਰ ਚਿਤ ਕਰਣ ਦੀ ਮੈਹਮਾਂ ਦੀ ਅਜ ਕੋਈ ਨਵੀਂ ਗੱਲ ਨਹੀਂ ਹੈ। ਪੁਰਾਣੇ ਸਮੇਂ ਤੋਂ ਵਡੇ ੨ ਰਿਖੀ, ਮੁਨੀ ਅਤੇ ਮਹਾਤਮਾਂ ਇਸਦੀ ਮੈਹਮਾਂ ਗਾ ਗਏ ਹਨ। ਉਨ੍ਹਾਂ ਨੇ ਇਸ ਮਾਮਲੇ ਵਿਚ ਅਨੇਕਾਂ ਉਪਦੇਸ਼ ਦਿਤੇ ਹਨ। ਜਿਨ੍ਹਾਂ ਦਾ ਸਾਰ ਇਹ ਹੈ ਕਿ ਜਿਸ ਤਰਾਂ ਮਨੁਖ ਨੂੰ ਹੋਰ ਕੰਮ ਸਿਖਣ ਲਈ ਅਭਯਾਸ ਕਰਣ ਦੀ ਲੋੜ ਪੈਂਦੀ ਹੈ, ਉਸੇ ਤਰਾਂ ਮਨ ਦੀ ਚੰਚਲਤਾ ਰੋਕਣ ਲਈ ਯਤਨ ਕਰਨਾ ਚਾਹੀਦਾ ਹੈ। ਅਜ ਕਲ ਜਿਤਨੇ ਸੰਸਾਰਿਕ ਅਤੇ ਪਰਮਾਰਥਿਕ ਕੰਮ ਹਨ ਸਭਨਾਂ ਵਿਚ ਪੜ੍ਹਨ ਲਿਖਣ ਦਾ ਆਸਰਾ

ਲੈਂਣਾ ਪੈਂਦਾ ਹੈ। ਪੁਸਤਕ ਪੜ੍ਹਨ ਲਈ ਸਭ ਤੋਂ ਪਹਿਲਾਂ ਵਿਚਾਰ ਇਹ ਹੋਣਾ ਚਾਹੀਦਾ ਹੈ ਕਿ ਪੁਸਤਕ ਕਿਸਤਰਾਂ ਦੀ ਹੈ ਅਤੇ ਉਸਨੂੰ ਕਿਸਤਰਾਂ ਪੜ੍ਹੀਏ। ਜੇਕਰ ਪੁਸਤਕ ਐਸੀ ਹੈ ਕਿ ਜਿਸ ਨਾਲ ਤੁਹਾਡੇ ਗਜ਼ਾਨ ਦਾ ਵਾਧਾ ਹੋਵੇਗਾ, ਤੁਹਾਡੀ ਵਿਚਾਰ ਸ਼ਕਤੀ ਵਧੇਗੀ, ਤਾਂ ਸੁਚੇਤ ਹੋਕੇ ਵਿਚਾਰਕੇ ਉਸਨੂੰ ਪੜ੍ਹਨਾ ਅਰੰਭ ਕਰੋ ਲਗ ਭਗ ਬਹੁਤ ਸਾਰੀਆਂ ਪੁਸਤਕਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਮਤਲਬ ਦੀ ਗਲ ਥੋੜ੍ਹੀ ਤੇ ਬਿਅਰਥ ਗਲਾਂ ਬਹੁਤ ਹੁੰਦੀਆਂ ਹਨ। ਤੁਸੀ ਉਸ ਵਿਚੋਂ ਸਾਰਾ ਭਾਗ ਛਾਂਟ ਲਓ। ਜਿਸ ਗਲ ਨੂੰ ਤੁਸਾਂ ਧਜ਼ਾਨ ਦੇਣ ਯੋਗ ਸਮਝਿਆ ਹੈ ਉਸਨੂੰ ਹੌਲੀ ੨ ਪੜ੍ਹੋ ਅਤੇ ਮਨ ਵਿਚ ਜਮਾ ਲਓ। ਪੁਸਤਕ ਬੰਦ ਕਰਕੇ ਉਸਨੂੰ ਦੁਹਰਾਓ ਅਤੇ ਮਨ ਹੀ ਮਨ ਵਿਚ ਉਸਦੀ ਵਜ਼ਾਖਜ਼ਾ ਕਰੋ ਤਥਾ ਉਪਯੋਗ ਵਿਚ ਲਿਆਓ। ਕਲਪਨਾ ਕਰੋ, ਤੁਸੀ ਰਸਾਇਣ ਸ਼ਾਸਤ੍ਰ ਦੇਖ ਰਹੇ ਹੋ। ਜਦ ਤੁਸਾਂ ਇਕ ਤੱਤ ਦਾ ਸਾਰਾ ਗੁਣ ਕਰਮ ਜਾਣ ਲਿਆ ਤਦ ਪੁਸਤਕ ਬੰਦ ਕਰਕੇ ਉਨ੍ਹਾਂ ਦਾ ਫੇਰ ਮਨਨ ਕਰੋ। ਤੱਤ ਦੇ ਸਮਝਣ ਲਈ ਜਿਤਨੀ ਕਿਸਮ ਦੀ ਕ੍ਰਿਯਾ ਕਰਨੀ ਜ਼ਰੂਰੀ ਹੁੰਦੀ ਹੈ ਉਨ੍ਹਾਂ ਨੂੰ ਮਨ ਹੀ ਮਨ ਵਿਚ ਕਰੋ। ਸੋਚੋ, ਇਸ ਤੱਤ ਤੋਂ ਸੰਸਾਰ ਦਾ ਕੀ ੨ ਭਲਾ ਹੋ ਸਕਦਾ ਹੈ, ਅਤੇ ਕਿਥੋਂ ਤਕ ਹੋਣਾ ਸੰਭਵ ਹੈ। ਜੇਕਰ ਪਾਸ ਹੀ ਲੈਬਰੇਟਰੀ ਮੌਜੂਦ ਹੈ ਤਾਂ ਅਪਣੇ ਹੱਥਾਂ ਨਾਲ ਮਿਲਾਣ ਅਤੇ ਨਿਖੇੜਣਦੀ ਕ੍ਰਿਯਾ ਨੂੰ ਉਪਯੋਗ ਵਿਚ ਲਿਆਓ। ਇਸਤਰਾਂ ਕਰਣ ਨਾਲ ਤੁਹਾਨੂੰ ਪੁਸਤਕ ਪੜ੍ਹਨ ਦਾ ਪੂਰਾ ੨ ਲਾਭ ਪ੍ਰਾਪਤ ਹੋਵੇਗਾ॥

ਇਕ ਸਮੇਂ ਵਿਚ ਇਕੋ ਹੀ ਵਿਸ਼ਯ ਦੀ ਪੁਸਤਕ

ਪੜ੍ਹਨੀ ਲਾਭਦਾਇਕ ਹੈ, ਕਦੇ ਕੋਈ, ਕਦੇ ਕੋਈ ਪੁਸਤਕ ਲੈਕੇ ਪੜ੍ਹਨ ਨਾਲ ਮਨ ਥਕ ਜਾਂਦਾ ਹੈ। ਮਨੁੱਖ ਨੂੰ ਇਹ ਗਲ ਵਿਚਾਰ ਲੈਂਣੀ ਚਾਹੀਦੀ ਹੈ ਕਿ ਕਿਸਤਰਾਂ ਦੀ ਪੁਸਤਕ ਪੜ੍ਹਨ ਨਾਲ ਉਸ ਨੂੰ ਬਹੁਤ ਲਾਭ ਹੋਵੇਗਾ ਤਥਾ ਕਿਸ ਪਾਸੇ ਉਸ ਦੀ ਰੁਚੀ ਅਧਿਕ ਹੈ। ਜਿਸ ਪਾਸੇ ਮਨੁੱਖ ਦੀ ਰੁਚੀ ਦਾ ਝੁਕਾਓ ਹੋਵੇ ਉਸੇ ਪਾਸੇ ਮੇਹਨਤ ਕਰਣ ਨਾਲ ਅਤਿਅੰਤ ਸਫਲਤਾ ਪ੍ਰਾਪਤ ਹੁੰਦੀ ਹੈ॥

ਸਾਡੇ ਲੋਕਾਂ ਨੂੰ ਇਤਨਾਂ ਜਾਣਨਾ ਵਡਾ ਜ਼ਰੂਰੀ ਹੈ ਕਿ ਸੰਸਾਰ ਵਿਚ ਕੀ ਹੋ ਰਿਹਾ ਹੈ। ਲੋਕ ਅਪਣੀ ਗੁਜ਼ਰਾਨ ਲਈ ਕੀ੨ ਉਪਾਓ ਕਰਦੇ ਹਨ। ਕੇਹੜੇ ਕੰਮ ਕਰਣ ਨਾਲ ਉਨ੍ਹਾਂ ਨੂੰ ਉਪਜੀਵਕਾ, ਅਰੋਗਤਾ ਅਤੇ ਮਾਨਸਿਕ ਪ੍ਰਸੰਨਤਾ ਪ੍ਰਾਪਤ ਹੋਵੇਗੀ॥

ਬਾਲਕਾਂ ਲਈ ਅਰੰਭ ਦੀ ਸਿਖਯਾ ਵਡੀ ਜ਼ਰੂਰੀ ਹੈ ਜਦ ਤਕ ਉਨ੍ਹਾਂ ਨੂੰ ਸੰਸਾਰ ਦਾ ਗ੍ਯਾਨ ਨਾ ਹੋਵੇਗਾ ਤਦ ਤਕ ਓਹ ਭਲਾ ਬੁਰਾ ਨਹੀਂ ਪਛਾਣ ਸਕਣਗੇ। ਜਦ ਓਨ੍ਹਾਂ ਦੀ ਸਿਖਯਾ ਇਸ ਦਰਜੇ ਦੀ ਹੋਗਈ ਕਿ ਕਿਸੇ ਕੰਮ ਨੂੰ ਸਿੱਖਣ ਤਦ ਓਨ੍ਹਾਂ ਦੀ ਤਬੀਅਤ ਦਾ ਝੁਕਾਓ ਦੇਖਣਾ ਚਾਹੀਦਾ ਹੈ। ਉਪਜੀਵਕਾ ਲਈ ਤਥਾ ਮਾਨਸਿਕ ਸੰਤੋਖ ਲਈ ਓਹੋ ਕੰਮ ਠੀਕ ਹੁੰਦਾ ਹੈ ਜਿਸ ਵਲ ਮਨੁਖ ਦੀ ਸੁਭਾਵਿਕ ਰੁਚੀ ਹੁੰਦੀ ਹੈ। ਜਦ ਉਸਨੇ ਇਹ ਜਾਂਣ ਲਿਆ ਕਿ ਫਲਾਣੇ ਕੰਮ ਵਿਚ ਮੇਰਾ ਮਨ ਚੰਗੀ ਤਰਾਂ ਲਗੇਗਾ ਤਦ ਉਸੇ ਕੰਮ ਨੂੰ ਅਪਣੇ ਹਥਾਂ ਹੇਠ ਕਰਣਾ ਚਾਹੀਦਾ ਹੈ। ਇਸ ਦਾ ਫਲ ਇਹ ਹੋਵੇਗਾ ਕਿ ਉਸ ਕੰਮ ਵਿਚ ਉਹ ਚੰਗੀ ਤਰਾਂ ਯੋਗਤਾ ਪ੍ਰਾਪਤ ਕਰੇਗਾ ਤਥਾ ਤਨ, ਮਨ, ਧਨ ਤਿੰਨੇ ਪ੍ਰਕਾਰ ਤੋਂ

ਉਸਦੀ ਉੱਨਤੀ ਹੋਵੇਗੀ।

ਇਹ ਗਲ ਪ੍ਰੀਖਿਆ ਨਾਲ ਸਿਧ ਹੋਗਈ ਹੈ ਕਿ ਜਿਨ੍ਹਾਂ ਲੋਕਾਂ ਨੇ ਅਪਣੀ ਸੁਭਾਵਿਕ ਰੁਚੀ ਦੇ ਅਨੁਸਾਰ ਕਿਸੇ ਕੰਮ ਨੂੰ ਸਿਖਿਆ ਹੈ ਉਸ ਵਿਚ ਓਨ੍ਹਾਂ ਨੇ ਚੰਗੀ ਉੱਨਤੀ ਕੀਤੀ ਹੈ। ਓਨ੍ਹਾਂ ਨੂੰ ਸਿਖਣ ਵਿਚ ਬਹੁਤ ਦੇਰ ਨਹੀਂ ਲਗਦੀ ਓਹ ਛੇਤੀ ਹੀ ਉਸ ਕੰਮ ਦਾ ਉਚਾਣ ਨਿਵਾਣ ਸਮਝ ਜਾਂਦੇ ਹਨ। ਪੁਸਤਕ ਵਿਚ ਜੋ ਕੁਝ ਪੜ੍ਹਦੇ ਹਨ ਉਸਨੂੰ ਪ੍ਰਤੱਖ ਕੀਤੇ ਬਿਨਾ ਓਨ੍ਹਾਂ ਨੂੰ ਚੈਨ ਨਹੀਂ ਪੈਂਦੀ, ਅਗਲੇ ਲੋਕਾਂ ਦੀ ਜੇਕਰ ਪ੍ਰਯੋਗ ਕ੍ਰਿਯਾ ਅਧੂਰੀ ਹੈ ਤਾਂ ਓਹ ਉਸਨੂੰ ਪੂਰਣਤਾ ਨੂੰ ਪੁਚਾ ਦੇਂਦੇ ਹਨ। ਅਤੇ ਇਕ ਵਿਧੀ ਨਾਲ ਅਨੇਕ ਫਲ ਕੱਢਦੇ ਹਨ। ਔਕੜਾਂ ਅਤੇ ਕਠਨਾਈਆਂ ਦੂਰ ਕਰਕੇ ਮੁਸ਼ਕਿਲ ਕੰਮ ਨੂੰ ਭੀ ਸੁਖਾਲਾ ਕਰ ਦਿਖਾਉਂਦੇ ਹਨ। ਨਵੀਆਂ ੨ ਜੁਗਤੀਆਂ ਨੂੰ ਜਨਮ ਦੇਂਦੇ ਹਨ ਜਿਸ ਤੋਂ ਓਨ੍ਹਾਂ ਦਾ ਜਸ ਦੂਰ ੨ ਫੈਲ ਜਾਂਦਾ ਹੈ।

ਰੁਚੀ ਦੇ ਅਨੁਸਾਰ ਵਿਦਿਆ ਸਿਖਣ ਨਾਲ ਹੀ ਅੰਗ੍ਰੇਜ਼ ਲੋਕ ਨਵੀਆਂ ੨ ਚੀਜ਼ਾਂ ਬਣਾਉਂਦੇ ਜਾਂਦੇ ਹਨ। ਕਿਸੇ ਨੂੰ ਸੱਠਾਂ ਬਰਸਾਂ ਦਾ ਸਮਾ ਯਾਦ ਹੋਵੇ ਤਾਂ ਉਸਨੂੰ ਹੈਰਾਨਗੀ ਹੋਵੇਗੀ ਕਿ ਇਹ ਲੋਕ ਕਿਤਨੀ ਉਨਤੀ ਕਰ ਗਏ ਹਨ। ਪਰ ਸਾਡੇ ਬਣਾਏ ਹੋਏ ਪਦਾਰਥ ਜਿਉਂ ਦੇ ਤਿਉਂ ਹਨ। ਪਿਤਾ ਦਾ ਕੰਮ ਪੁਤ੍ਰ ਕਰਦਾ ਹੈ। ਜਿਸ ਤਰਾਂ ਦੀ ਭੱਦੀ ਚੀਜ ਪਿਤਾ ਬਣਾਉਂਦਾ ਸੀ, ਉਸੇ ਤਰਾਂ ਦੀ ਪੁਤ੍ਰ ਬਣਾਵੇਗਾ। ਪੜ੍ਹਨਾ ਲਿਖਣਾ ਸਿਰਫ ਨੌਕਰੀ ਚਾਕਰੀ ਲਈ ਹੀ ਲਾਭ ਦਾਇਕ ਸਮਝਿਆਜਾਂਦਾਹੈ ਓਹ ਇਹ ਗਲ ਨਹੀਂ ਜਾਣਦੇ ਕਿ ਪੁਸਤਕ ਦ੍ਵਾਰਾ ਸਭ ਹਿਕਮਤਾਂ ਅਮਰ ਹੋ

ਜਾਂਦੀਆਂ ਹਨ, ਵਿਸ੍ਵਾਸ ਕੀਤਾ ਜਾਂਦਾ ਹੈ ਕਿ ਭਾਰਤ ਖੰਡ ਵਿਚ ਕਿਸੇ ਸਮੇਂ ਹਵਾਈ ਜਹਾਜ਼ (ਉਡਣ ਖਟੋਲੇ) ਚਲਦੇ ਸਨ। ਉਨ੍ਹਾਂ ਦੇ ਬਣਾਉਣ ਦੀ ਤਰਕੀਬ ਜੇਕਰ ਪੁਸਤਕਾਂ ਵਿਚ ਹੁੰਦੀ ਤਾਂ ਅਜ ਵਲੈਤ ਵਾਲੇ ਬੇਲੂਨ ਬਣਾਉਣ ਲਈ ਸਾਡੇ ਹੀ ਚੇਲੇ ਹੁੰਦੇ॥

ਅਠਵਾਂ ਪਾਠ !

ਆਸ ਪਾਸ ਭਾਵੇਂ ਲੋਕ ਕਿਤਨਾ ਹੀ ਰੌਲਾ ਪਾਉਂਦੇ ਹੋਣ ਪਰ ਤੁਹਾਡਾ ਮਨ ਆਪਣੇ ਪਾਠ ਵਿੱਚ ਚੰਗੀ ਤਰਾਂ ਲਗਿਆ ਰਹੇ। ਧਿਆਨ ਇਕੱਤ੍ਰ ਕਰਨ ਵਿਚ ਜਿਤਨੀ ਕਠਨਤਾ ਮਲੂਮ ਹੁੰਦੀ ਹੈ ਉਤਨਾ ਹੀ ਅਭਯਾਸ ਦ੍ਰਿੜ ਹੁੰਦਾ ਜਾਂਦਾ ਹੈ।

ਯਾਦ ਰੱਖੋ ਕਿ ਪੁਸਤਕ ਪੜ੍ਹਨ ਵਿੱਚ ਆਸ਼ੇ ਤੇ ਦ੍ਰਿਸ਼ਟੀ ਰਖੋ। ਸ਼ਬਦਾਂ ਦੀ ਚਿੰਤਾ ਛੱਡ ਦਿਓ। ਭਾਵੇਂ ਕਈ ਵਾਰੀ ਪੜ੍ਹਨਾ ਪਵੇ ਪਰ ਆਸ਼ਾ ਹਿਰਦੇ ਵਿਚ ਉੱਕਰਿਆਂ ਬਿਨਾ ਅਗੇ ਨਾ ਚਲੋ। ਮਨ ਐਸੀ ਦ੍ਰਿੜਤਾ ਨਾਲ ਪਾਠ ਵਿਚ ਮਗਨ ਰਹੇ ਕਿ ਜੇਕਰ ਵਿਚਕਾਰ ਕਿਸੇ ਨਾਲ ਗੱਲਾਂ ਭੀ ਕਰਨੀਆਂ ਪੈਣ ਤਦ ਭੀ ਜਿਉਂਦੇ ਤਿਉਂ ਆਪਣੇ ਪਾਠ ਵਿਚ ਲਗ ਸਕੋ। ਐਸੀ ਆਦਤ ਹੋਣੀ ਭੀ ਮਨ ਦੀ ਦ੍ਰਿੜਤਾ ਪ੍ਰਕਾਸ਼ ਕਰਦੀ ਹੈ।

ਮਨ ਨੂੰ ਏਕਾਗਰ ਕਰਨ ਦਾ ਇਕ ਚੰਗਾ ਤਰੀਕਾ ਇਹ ਭੀ ਹੈ ਕਿ ਤੁਸੀਂ ਜੋ ਕੁਝ ਪੜ੍ਹ ਰਹੇ ਹੋ ਉਸਨੂੰ ਸਰਲ ਭਾਸ਼ਾ ਵਿਚ ਲਿਖ ਸੁਟੋ, ਜਿਸਨੂੰ ਪੜ੍ਹਕੇ ਹੋਰ ਆਦਮੀ ਭੀ ਤੁਹਾਡੇ ਪਾਠ ਤੋਂ ਲਾਭ ਉਠਾ ਸੱਕਣ। ਦੂਜਿਆਂ ਨੂੰ ਸਮਝਾ-

ਉਨ ਦੀ ਚੇਸ਼ਟਾ ਨਾਲ ਲਿਖਣਾ ਮਾਨੋ ਅਪਣੇ ਲਿਖਣ ਲਈ ਆਪ ਗੁਰੂ ਬਣਨਾ ਹੈ। ਜੇਹੜਾ ਵਿਸ਼ਯ ਤੁਹਾਨੂੰ ਔਖਾ ਪ੍ਰਤੀਤ ਹੁੰਦਾ ਹੈ ਉਸਨੂੰ ਸਰਲ ਕਰਕੇ ਦਿਖਾਣਾ ਵੱਡੇ ਪਰਉਪਕਾਰ ਦਾ ਕੰਮ ਹੈ। ਸਾਧਾਰਣ ਪੜ੍ਹੇ ਲਿਖੇ ਲੋਕਾਂ ਵਿਚ ਉੱਚੇ ਭਾਵ ਫੈਲਾਣੇ ਵੱਡੇ ਪੁੰਨ ਦਾ ਕੰਮ ਹੈ।

ਆਪਣੀ ਕੌਮ ਵਿਚ ਤੁਸੀਂ ਜਿਸ ਗੱਲ ਦਾ ਘਾਟਾ ਦੇਖਦੇ ਹੋ ਉਸਦੇ ਦੂਰ ਕਰਨ ਲਈ ਤੁਹਾਡੇ ਤੋਂ ਜੋ ਕੁਝ ਹੋ ਸਕਦਾ ਹੋਵੇ ਓਹੋ ਥੋੜ੍ਹਾ ਹੈ। ਕੌਮ ਵਿਚ ਦੋ ਤਰਾਂ ਦੇ ਸੱਜਣ ਦੇਖੇ ਜਾਂਦੇ ਹਨ, ਇਕ ਓਹ ਜੋ ਇੱਛਾ ਕਰਣ ਤਾਂ ਅਪਣੀ ਚੰਗੀ ਵਿਚਾਰ ਪ੍ਰਕਾਸ਼ ਕਰਕੇ ਆਮ ਲੋਕਾਂ ਦਾ ਵਡਾ ਉਪ-ਕਾਰ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਏਤਨਾ ਕਲੇਸ਼ ਉਠਾਣਾ ਹੀ ਪਸੰਦ ਨਹੀ ਹੈ, ਦੂਜੇ ਓਹ ਹਨ ਜਿਨਾਂ ਦਾ ਇਹ ਵਡੀ ਭਾਰੀ ਲਾਲਸਾ ਹੈ ਕਿ ਅਪਣੇ ਲੇਖਾਂ ਦ੍ਵਾਰਾ ਆਮ ਲੋਕਾਂ ਨੂੰ ਚਕ੍ਰਿਤ ਕਰ ਦੇਣ ਪਰ ਉਨ੍ਹਾਂ ਵਿਚ ਏਤਨੀ ਯੋਗਤਾ ਹੀ ਨਹੀਂ ਹੈ। ਤੁਸੀ ਜਦ ਲਿਖਣ ਦਾ ਵਿਚਾਰ ਕਰਦੇ ਹੋ ਤਾਂ ਸੋਚ ਲਓ ਕਿ ਤੁਸੀ ਕਿਸ ਪ੍ਰਕਾਰ ਦੇ ਮਨੁੱਖਾਂ ਵਿਚ ਹੋ॥

ਜਿਸ ਵਿਸ਼ੇ ਦੀ ਆਮ ਲੋਕ ਚਾਹਨਾ ਕਰਦੇ ਹਨ ਉਹ ਵਿਸ਼ਯ ਜੇਕਰ ਬਿਲਕੁਲ ਸਰਲ ਕਰਕੇ ਉਨ੍ਹਾਂ ਦੇ ਸਾਮ੍ਹਣੇ ਰੱਖਣਾ ਜਾਵੇ ਤਾਂ ਓਹ ਉਸਦਾ ਜ਼ਰੂਰ ਹੀ ਆਦਰ ਕਰਣਗੇ। ਇਸ ਵਿਚ ਕੁਝ ਭੀ ਸੰਦੇਹ ਨਹੀਂ ਹੈ॥

ਯਾਦ ਰਖੋ ਕਿ ਜੇਕਰ ਕਠਨ ਵਿਸ਼ਯਾਂ ਦੀ ਸਰਲ ਵ੍ਯਾਖਯਾ ਕਰਕੇ ਲਿਖਣ ਵਿਚ ਹੋਰਾਂ ਦਾ ਮਨ ਪ੍ਰਸੰਨ ਨਹੀਂ ਹੁੰਦਾ ਤਾਂ ਤੁਹਾਡਾ ਗਯਾਨ ਜ਼ਰੂਰ ਵਧਦਾ ਹੈ। ਧਾਰਣਾ ਸ਼ਕਤੀ ਏਕਾਗ੍ਰਤਾ ਅਤੇ ਨਿਯਮ ਬੱਧ ਜੀਵਣ ਹੋਣਾ ਕੁਝ

ਘੱਟ ਲਾਭਵੰਦ ਨਹੀਂ ਹੈ। ਜਿਸ ਮਨੁੱਖ ਦਾ ਆਚਰਣ ਸਥਿਰਤਾ ਨੂੰ ਪ੍ਰਾਪਤ ਹੋਗਿਆ ਉਹ ਜਿਸ ਕੰਮ ਨੂੰ ਹਥ ਲਾਵੇਗਾ ਉਸੇ ਵਿਚ ਸਫਲਤਾ ਪ੍ਰਾਪਤ ਕਰੇਗਾ। ਕਿਉਂਕਿ ਬਿਨਾਂ ਚੰਗੇ ਆਚਰਣ ਦੇ ਕੋਈ ਮਨੁੱਖ ਨਾਮਵਰੀ ਪ੍ਰਾਪਤ ਨਹੀਂ ਕਰ ਸਕਦਾ।

ਮਨੁੱਖ ਦੇ ਸਰੀਰ ਵਿਚ ਮੁੱਲਵਾਨ ਅਤੇ ਸਾਰ ਵਸਤੂ ਉਸਦਾ ਮਨ ਹੈ। ਮਨ ਨੂੰ ਉੱਨਤ ਕਰਕੇ ਮਨੁੱਖ ਜਗਤ ਦਾ ਵਡਾ ਉਪਕਾਰ ਕਰ ਸਕਦਾ ਹੈ। ਜਿਨ੍ਹਾਂ ਦੇ ਮਨ ਪਰਉਪਕਾਰ ਵਿਚ ਲਗ ਗਏ ਹਨ ਉਨ੍ਹਾਂ ਨੇ ਹੀ ਸੰਸਾਰ ਵਿਚ ਧਨ ਅਤੇ ਮਾਨ ਪਾਇਆ ਹੈ॥

ਮਨ ਦੀ ਸ਼ਕਤੀ ਵਧਾਉਂਣ ਲਈ ਸਭਤੋਂ ਵਡਾ ਉਪਾਓ ਇਹ ਹੈ ਕਿ ਓਹ ਹਰੇਕ ਕੰਮ ਨੂੰ ਏਕਾਗ੍ਰ ਹੋਕੇ ਸੋਚੇ, ਉਚਾਣ ਨਿਵਾਣ ਵਿਚਾਰੇ, ਅਤੇ ਉਸਦੀ ਠੀਕ ੨ ਪ੍ਰੀਖਯਾ ਕਰੇ॥

ਕਲਪਨਾ ਕਰੋ ਕਿ ਤੁਸੀ ਇਕ ਘਰ ਬਣਾਉਂਣਾ ਹੈ ਤਾਂ ਪਹਿਲਾਂ ਉਸਦਾ ਰੂਪ ਕਲਪ ਲਓ। ਕਾਗਜ਼ ਪਿਨਸਲ ਨਾਲ ਉਸਦਾ ਨਕਸ਼ਾ ਲੰਬਾਈ ਚੁੜਾਈ ਅਤੇ ਉਚਾਈ ਵਿਚਾਰਕੇ ਲਿਖ ਲਓ। ਖਿੜਕੀ ਦਰਵਾਜੇ ਸਭ ਕੁਝ ਨਿਸਚੇ ਕਰਕੇ ਉਸਦਾ ਚਿਤ੍ਰ ਅਪਣੇ ਮਨ ਦੀ ਇੱਛਾਨੁਸਾਰ ਅੰਕਤ ਕਰਕੇ ਚੰਗੀ ਤਰਾਂ ਨਾਲ ਪਸੰਦ ਕਰ ਲਓ ਅਤੇ ਫੇਰ ਕਾਰਜ ਅਰੰਭ ਕਰੋ। ਚਤਰ ਇੰਜੀਨੀਅਰ ਇਸੇ ਗੁਣ ਨਾਲ ਕਿਤਨੇ ਵੱਡੇ ੨ ਮੈਹਲ ਅਤੇ ਪੁਲ ਆਪਣੇ ਵਿਚਾਰ ਦੇ ਅਨੁਸਾਰ ਤਿਆਰ ਕਰਵਾ ਸਕਦੇ ਹਨ।

ਮੰਨ ਲਓ, ਤੁਹਾਡੀ ਇੱਛਾ ਵਪਾਰ ਕਰਨ ਦੀ ਹੈ,

ਸਭ ਤਰਾਂ ਦੀਆਂ ਦਵਾਵਾਂ ਤ ਹੋਰ ਜੀਜ਼ਾਂ ਮੰਗਾਵਨ ਵਾਸਤੇ

ਤਥਾ ਲੈਣ ਦੇਣ ਲਈ ਕੋਠੀ ਖੋਲ੍ਹਣਾ ਸੋਚ ਰਹੇ ਹੋ, ਤਾਂ ਪੈਹਲਾ ਕੰਮ ਹਿਸਾਬ ਵਹੀ ਖਾਤਾ ਸਿਖਣਾ ਹੈ। ਵਹੀ ਖਾਤੇ ਤੋਂ ਇਹ ਗੱਲ ਮਲੂਮ ਹੋਣੀ ਚਾਹੀਦੀ ਹੈ ਕਿ ਤੁਸੀ ਕੀ ੨ ਮਾਲ ਕਿਤਨਾ ਖਰੀਦਦੇ ਹੋ ਅਤੇ ਉਸਦੀ ਵਿਕ੍ਰੀ ਕਿੱਥੇ ਅਤੇ ਕਿਸਤਰਾਂ ਹੁੰਦੀ ਹੈ। ਕਿਸ ਭਾਉ ਮਾਲ ਆਇਆ ਹੈ ਕਿਤਨਾ ਖਰਚ ਉੱਤੇ ਆਇਆ ਹੈ ਤਥਾ ਕਿਸ ਭਾਵ ਵੇਚਣਤੋਂ ਕੀ ਲਾਭ ਹੋਯਗਾ ਜੋ ਸਾਰੇ ਗੁਰ 'ਵਪਾਰ ਸਿਖਯਾ' ਵਿਚਲਿਖੇ ਹਨ

ਲੈਣ ਦੇਣ ਵਿੱਚ ਵਹੀ ਖਾਤੇ ਤੋਂ ਤਤਕਾਲ ਸ਼ਾਹੂਕਾਰ ਦੀ ਹਾਲਤ ਜਾਣੀ ਜਾਂਦੀ ਹੈ ਕਿਸਤੋਂ ਲੈਣਾ ਹੈ ਕਿਸ ਦਾ ਦੇਣਾ ਹੈ ਇਹ ਸਾਰਾ ਹਿਸਾਬ ਕਿਸਤਰਾਂ ਰੱਖਿਆ ਜਾਂਦਾ ਹੈ।

ਜਦ ਤੁਸਾਂ ਹਿਸਾਬ ਰੱਖਣ ਦਾ ਮੂਲ ਕਾਰਣ ਸਮਝ ਲਿਆ ਤਾਂ ਫੇਰ ਵਹੀ ਖਾਤੇ ਦਾ ਕੰਮ ਸਿੱਖਣਾ ਕੋਈ ਔਖਾ ਨਹੀਂ ਹੋਵੇਗਾ ਕੇਹੜੀ ਵਹੀ ਵਿਚ ਕੇਹੜਾ ਹਿਸਾਬ ਲਿਖਯਾ ਜਾਂਦਾ ਹੈ ਅਤੇ ਕਿਸਤਰਾਂ ਨਾਲ ਰਕਮ ਖਤਾਈ ਜਾਂਦੀ ਹੈ ਇਕ ਵਹੀ ਦਾ ਦੂਜੀ ਨਾਲ ਕੀ ਸੰਬੰਧ ਹੈ ਕੇਹੜੀ ਰਕਮ ਕਿਸ ਵਹੀ ਵਿਚ ਕੇਹੜੀ ਥਾਂ ਮਿਲੇਗੀ। ਇਹ ਗਲ ਜਦ ਮਨ ਵਿੱਚ ਬੈਠ ਗਈ ਤਦ ਫੇਰ ਤੁਹਾਡੇ ਲਈ ਇਹ ਕੰਮ ਕੁਝ ਭੀ ਔਖਾ ਨਹੀਂ ਹੋਵੇਗਾ। ਵਹੀ ਖਾਤਾ ਰੱਖਣ ਦੀ ਪ੍ਰਣਾਲੀ ਇਕ ਵਾਰੀ ਤੁਹਾਡੇ ਧਿਆਨ ਵਿੱਚ ਚੰਗੀ ਤਰਾਂ ਬੈਠ ਜਾਣੀ ਚਾਹੀਦੀ ਹੈ ਤੇ ਇਸੇ ਦੇ ਨਾਲ ਬਾਕੀ ਸਾਰੇ ਗੁਣ ਤੇ ਵਿਚਾਰ ਜੋ ਇਸੇ ਲੜੀ ਦੀ ਪੁਸਤਕ "ਵਪਾਰ ਸਿੱਖਯਾ" ਵਿੱਚ ਪ੍ਰਕਾਸ਼ਤ ਕੀਤੇ ਗਏ ਹਨ ਓਹ ਸਭ ਪੜ੍ਹ ਸਮਝ ਕੇ ਵਿਚਾਰ ਵਿੱਚ ਥਠਾ ਲੈਣੇ ਚਾਹੀਦੇ ਹਨ ਬਸ ਫੇਰ ਆਪ ਵਿਹਾਰ ਵਿੱਚ ਚੰਗੀ ਕਾਮਯਾਬ ਹੋਵੋਗੇ।

ਪਤਾ-ਮੋਹਨ ਸਿੰਘ ਵੈਦ ਤਰਨਤਾਰਨ (ਪੰਜਾਬ)

ਇਹੋ ਉਲਟ ਫੇਰ ਸਭ ਕੰਮਾਂ ਦਾ ਹੈ ਇਕ ਵਾਰੀ ਮਨ ਲਾਕੇ ਸਮਝਣਾ ਚਾਹੀਦਾ ਹੈ ਜਿਥੇ ਸਮਝ ਵਿਚ ਆ ਗਿਆ ਫੇਰ ਉਸਨੂੰ ਕਰ ਦਿਖਾਣਾ ਵੱਡੀ ਸੜਕ ਤੇ ਚਲੇ ਜਾਣਾ ਹੈ। ਜੋ ਮਨੁੱਖ ਕਿਸੇ ਕੰਮ ਯਾ ਕਿਸੇ ਵਿਚਾਰ ਉਤੇ ਆਪਣਾ ਮਨ ਏਕਾਗਰ ਕਰਕੇ ਕੰਮ ਕਰ ਸਕਦਾ ਹੈ ਅਤੇ ਉਸਨੂੰ ਥੋੜਾ ਜਿਹਾ ਭੀ ਐਧਰ ਓਧਰ ਨਹੀਂ ਹੋਣ ਦੇਂਦਾ, ਓਹੋ ਅਸੰਭਵ ਨੂੰ ਸੰਭਵ ਕਰਕੇ ਦਿਖਾ ਸਕਦਾ ਹੈ। ਭਾਰਤ ਖੰਡ ਵਿੱਚ ਪੁਰਾਣੇ ਰਿਸ਼ੀ ਮੁਨੀ ਮਨ ਨੂੰ ਏਕਾਗਰ ਕਰਨ ਦੀ ਵੱਡੀ ਚੇਸ਼ਟਾ ਕਰਦੇ ਸਨ ਅਤੇ ਉਹ ਧਿਆਨ ਕਰਕੇ ਤਿੰਨਾਂ ਲੋਕਾਂ ਅਤੇ ਤਿੰਨਾਂ ਕਾਲਾਂ ਦੀ ਗਲ ਸਮਝ ਸਕਦੇ ਸਨ ਅਤੇ ਆਖ ਸਕਦੇ ਸਨ।

ਤੁਸੀਂ ਭੀ ਜੇਕਰ ਬ੍ਰਹਮਚਰਜ ਅਤੇ ਸਦਾ ਚਰਣ ਨਾਲ ਰੈਹਕੇ ਅਪਣੇ ਮਨ ਨੂੰ ਏਕਾਗ੍ਰ ਦ੍ਰਿੜ ਕਰ ਸਕੋ ਤਾਂ ਓਨ੍ਹਾਂ ਦੀ ਤਰਾਂ ਅਸੰਭਵ ਕਾਰਜ ਸੰਭਵ ਕਰਕੇ ਦਿਖਾ ਸਕਦੇ ਹੋ

ਬਹੁਤ ਸਾਰੇ ਆਦਮੀ ਐਸੇ ਹਨ ਕਿ ਜਿਨ੍ਹਾਂ ਦਾ ਮਨ। ਸਦਾ ਦੌੜ ਭਜ ਵਿਚ ਰਿਹਾ ਕਰਦਾ ਹੈ ਥੋੜਾ ਜੇਹਾ ਭੀ ਅਰਾਮ ਨਹੀਂ ਲੈਂਦਾ। ਰਾਤ ਨੂੰ ਨੀਂਦ ਤਕ ਭੀ ਨਹੀਂ ਆਉਂਦੀ। ਨਤੀਜਾ ਇਹ ਨਿਕਲਦਾ ਹੈ ਕਿ ਓਨ੍ਹਾਂ ਦੀ ਅਰੋਗਤਾ ਵਿਗੜ ਜਾਂਦੀ ਹੈ। ਜਿਸ ਤਰਾਂ ਨਾਲ ਸ਼ਰੀਰਕ ਪਰਿਸ਼੍ਰਮ ਕਰਣ ਨਾਲ ਦੇਹ ਦਾ ਭਾਗ ਖੈ ਹੁੰਦਾ ਹੈ ਉਸੇਤਰਾਂ ਮਾਨਸਿਕ ਪਰਿਸ਼੍ਰਮ ਵਿਚ ਸ਼ਰੀਰ ਥਕਦਾ ਹੈ। ਦੋਹਾਂ ਹਾਲਤਾਂ ਵਿਚ ਅਰਾਮ ਕਰਣ ਦੀ ਜਰੂਰਤ ਹੈ।

ਧਿਆਨ ਧਰਨਾ, ਕੰਮ ਰਖਣਾ ਅਤੇ ਹਟਾਣਾ ਇਹ ਤਿਨੇ ਕੰਮ ਜਾਣਨੇ ਚਾਹੀਦੇ ਹਨ। ਮਨ ਦੀ ਹਾਲਤ ਉਸਨੂੰ

ਆਖਦੇ ਹਨ ਜਿਸ ਵਿਚ ਤੁਹਾਨੂੰ ਅਪਣੇ ਸਰੀਰ ਤਕ ਦਾ ਗਿਆਨ ਨਾ ਰਹੇ ਅਤੇ ਧਿਆਨ ਰਹਿਤ ਮਨ ਉਹ ਹੈ ਜਿਸ ਵਿਚ ਤੁਸੀਂ ਸਭ ਕੁਝ ਦੇਖਦੇ ਅਤੇ ਸੁਣਦੇ ਹੋ। ਜਦ ਤੁਸੀਂ ਇਹ ਦੇਖੋ ਕਿ ਧਿਆਨ ਬਾਰ ੨ ਵਿਚਲਿਤ ਹੁੰਦਾ ਹੈ ਤਦ ਉਸਨੂੰ ਛਡਕੇ ਕਿਸੇ ਜੀ ਪਰਚਾਵੇ ਦੇ ਕੰਮ ਵਿਚ ਲਗ ਜਾਓ। ਜਦ ਹਰਾਰਤ ਹਟ ਜਾਵੇ ਤਦ ਫੇਰ ਧਿਆਨ ਜਮਾ ਲਓ। ਵਿਚਾਰਵਾਨ ਪੁਰਖ ਅਪਣੇ ਮਨ ਦੀ ਸ਼ਕਤੀ ਦਾ ਅਨੁਭਵ ਤਾਤਕਾਲ ਕਰ ਲੈਂਦੇ ਹਨ। ਮੰਡੀ ਬਜਾਰ ਅਤੇ ਕੰਮ ਕਾਜ ਵਿਚ ਮਨ ਦਾ ਜੈਸਾ ਪ੍ਰਯੋਗ ਆਵਸ਼ਯਕ ਹੁੰਦਾ ਹੈ ਓਹ ਵੈਸੇ ਹੀ ਕਰਦੇ ਹਨ।

ਇੰਦ੍ਰੀਆਂ ਨੂੰ ਵਸ ਵਿਚ ਕਰਣਾ ਭੀ ਮਨ ਦੇ ਰੋਕਣ ਨਾਲ ਹੁੰਦਾ ਹੈ। ਜਦ ਤੁਸੀਂ ਦੇਖ਼ਦੇ ਹੋ ਕਿ ਤੁਹਾਡਾ ਧਿਆਨ ਬਾਰ ੨ ਇਕ ਖਾਸ ਪਾਸੇ ਜਾਕੇ ਤੁਹਾਡੀ ਕਿਸੇ ਖਾਸ ਇੰਦ੍ਰੀ ਨੂੰ ਉਤੇ ਜਿਤ ਕਰਦਾ ਹੈ ਤਦ ਉਸੇ ਵੇਲੇ ਮਨ ਦੀ ਇਕਾਗ੍ਰਤਾ ਨੂੰ ਰੋਕੇ ਉਸਦੇ ਦੋਸ਼ ਨੂੰ ਵਸ ਵਿਚ ਕਰੋ ਅਤੇ ਉਸਦਾ ਰੁਕ ਫੇਰ ਦਿਓ। ਜਦ ਇੰਦ੍ਰੀਆਂ ਅਪਣੇ ਅਧੀਨ ਹੋਗਈਆਂ ਤਦ ਮਨ ਭੀ ਆਗਿਆਕਾਰੀ ਰਹੇਗਾ। ਇੰਦ੍ਰੀਆਂ ਅਤੇ ਮਨ ਦੋਵੇਂ ਰਾਜੀ ਰੈਂਹਣ ਨਾਲ ਸਰੀਰ ਪੂਰਣ ਅਰੋਗ ਰਹੇਗਾ। ਜਿਸਦਾ ਤਨ ਅਤੇ ਮਨ ਸੁਧਰ ਗਿਆ ਉਸਦਾ ਸਭ ਕੁਝ ਬਣ ਗਿਆ। ਜਦ ਇੰਦ੍ਰੀਆਂ ਸ੍ਵਾਧੀਨ ਹੋਕੇ ਵਿਚਰਦੀਆਂ ਹਨ ਤਦ ਓਹ ਜਿਸ ਅਨੰਦ ਦਾ ਅਨੁਭਵ ਕਰਾਉਂਦੀਆਂ ਹਨ ਉਹ ਅੰਤ ਵਿਚ ਦੁਖਰੂਪ ਬਣ ਜਾਂਦਾ ਹੈ ਅਤੇ ਜੇਹੜੀਆਂ ਇੰਦ੍ਰੀਆਂ ਵਿਵੇਕ ਦੇ ਅਧੀਨ ਕਾਰਜ ਕਰਦੀਆਂ ਹਨ ਓਹ ਸੁਖ ਦੇ ਪੈਦਾ ਕਰਣ ਵਾਲੀਆਂ ਹੁੰਦੀਆਂ ਹਨ।

ਓਹੋ ਆਦਮੀ ਬ੍ਰਹਮਚਰਜ ਧਾਰਨ ਕਰ ਸਕਦਾ ਹੈ ਜਿਸਨੇ ਅਪਣੇ ਮਨ ਨੂੰ ਅਪਣੇ ਵਸ ਵਿਚ ਕਰ ਰੱਖਯਾ ਹੈ। ਸੰਸਾਰ ਵਿਚ ਸਭਨਾਂ ਤਰਾਂ ਦਾ ਸੁਖ ਭੀ ਉਸੇ ਨੂੰ ਮਿਲਿਆ ਕਰਦਾ ਹੈ।

ਜਗਤ ਵਿਚ ਸਦਾ ਪਰਿਵਰਤਨ(ਹੇਰ ਫੇਰ)ਹੁੰਦਾ ਰੈਂਹਦਾ ਹੈ। ਇਕ ਸਮਾਂ ਐਸਾ ਸੀ ਜੋ ਲਿਖਣ ਦੀ ਵਿਦਯਾ ਕੋਈ ਨਹੀਂ ਜਾਣਦਾ ਸੀ। ਸਭ ਮਨੁੱਖ ਅਪਣੇ ਸਾਰੇ ਕੰਮ ਅਪਣੀ ਯਾਦ ਦਾਸ਼ਤ ਤੋਂ ਹੀ ਲੈਂਦੇ ਸਨ। ਧਰਮਗ੍ਰੰਥਤਾਂ ਸਦਾਕੰਠ ਹੀ ਕੀਤੇ ਜਾਂਦੇ ਸਨ। ਬ੍ਰਾਹਮਣ ਜੋ ਸਭ ਨਾਲੋਂ ਉਚੇ ਗਿਣੇ ਜਾਂਦੇ ਸਨ ਚੌਹਾਂ ਵੇਦਾਂ ਨੂੰ ਕੰਠ ਕਰਕੇ ਰਖਦੇ ਸਨ। ਜਦ ਤੋਂ ਲੇਖ ਵਿਦਿਆ ਚਲ ਪਈ ਤਦ ਤੋਂ ਕੰਠ ਕਰਣ ਦੀ ਚਾਲ ਘਟਦੀ ਗਈ। ਹੁਣ ਤਾਂ ਸਾਰੀਆਂ ਗਲਾਂ ਪੁਸਤਕਾਂ ਵਿਚ ਹਨ। ਕੰਠ ਕਰਣ ਦੀ ਖੇਚਲ ਕੌਣ ਕਰੇ, ਪਰ ਫੇਰ ਭੀ ਅਨੇਕ ਗਲਾਂ ਐਸੀਆਂ ਹਨ ਜੋ ਪੁਸਤਕਾਂ ਵਿਚ ਲਿਖੀਆਂ ਰੈਹਣ ਕਰਕੇ ਕੰਮ ਨਹੀਂ ਆਉਂਦੀਆਂ, ਓਨ੍ਹਾਂ ਨੂੰ ਕੰਠ ਕਰਣਾ ਹੀ ਲਾਭਦਾਇਕ ਹੁੰਦਾ ਹੈ।

ਸਮਰਣ ਸ਼ਕਤੀ ਦੀ ਤੇਜ਼ੀ ਬ੍ਰਹਮ ਚਰਜ ਤੇ ਹੀ ਨਿਰਭਰ ਹੈ। ਜਿਨ੍ਹਾਂ ਦੇ ਸਰੀਰ ਅਰੋਗ ਅੱਤ ਬਲਵਾਨ ਹਨ ਓਨ੍ਹਾਂ ਦੇ ਮਗਜ਼ ਵਿਚ ਧਾਰਣਾ ਸ਼ਕਤੀ ਭੀ ਬਹੁਤ ਹੁੰਦੀ ਹੈ। ਜੋ ਲੋਕ ਇਸ ਗਲ ਦੀ ਸ਼ਿਕਾਇਤ ਕਰਦੇ ਹਨ ਕਿ ਓਨ੍ਹਾਂ ਨੂੰ ਕੁਝ ਯਾਦ ਨਹੀਂ ਰੈਂਹਦਾ ਓਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਓਹ ਅਪਣੀ ਇੰਦ੍ਰੀਆਂ ਨੂੰ ਅਪਣੇ ਵਸ ਵਿਚ ਰਖਦੇ ਹਨ ਜਾਂ ਨਹੀ? ਬਿਨਾ ਜਿਤੇਂਦ੍ਰਿਯ ਹੋਇਆਂ ਸਮਰਣ ਸ਼ਕਤੀ ਸੁਭਾਵਿਕ ਦਸ਼ਾ ਤੇ ਨਹੀਂ ਆਉਂਦੀ।

ਨੌਵਾਂ ਪਾਠ !

ਐਥੋਂ ਤਕ ਜੋ ਅਸਾਂ ਕਿਹਾ ਹੈ ਓਹ ਮਨੁੱਖ ਦੇ ਆਚਰਣ ਅਤੇ ਦਿਨ ਦੇ ਕਾਰ ਵਿਹਾਰ ਸੁਧਾਰਨ ਦੇ ਸਨਬੰਧ ਵਿਚ ਹੀ ਕਿਹਾ ਹੈ। ਇਸ ਪਾਠ ਵਿਚ ਸਾਧਾਰਨ ਜੀਵਣ ਦੇ ਸਨਬੰਧ ਵਿਚ ਕੁਝ ਕੈਹਣਾ ਉਚਿਤ ਸਮਝਦੇ ਹਾਂ। ਇਹ ਵਿਸ਼ਯ ਖਾਸ ਕਰਕੇ ਸਾਡੇ ਧਨੀ ਅਤੇ ਭੋਗ-ਵਿਲਾਸੀ ਲੋਕਾਂ ਲਈ ਵਧੇਰਾ ਲਾਭਵੰਦ ਹੈ। ਗਰੀਬ ਲੋਕਾਂ ਨੂੰ ਭੀ ਇਸਦੇ ਪੜ੍ਹਨ ਨਾਲ ਬਹੁਤ ਕੁਝ ਲਾਭ ਹੋਵੇ ਗਾ। ਤਥਾ ਓਹ ਅਪਣੀ ਗਰੀਬੀ ਲਈ ਭੀ ਵਾਹਿਗੁਰੂ ਦੇ ਧੰਨਵਾਦੀ ਬਣਨ ਗੇ॥

ਧਨ ਕਮਾਣਾ ਤਾਂ ਬਹੁਤ ਲੋਕ ਜਾਣਦੇ ਹਨ, ਪਰ ਧਨ ਨੂੰ ਚੰਗੀ ਤਰਾਂ ਖਰਚ ਕਰਣਾ ਬਹੁਤ ਥੋੜੇ ਲੋਕ ਜਾਂਨਦੇ ਹਨ। ਹਰੇਕ ਨੂੰ ਇਹ ਲਗਨ ਲਗੀ ਹੋਈ ਹੈ ਕਿ ਕਿਸਤਰਾਂ ਨਾਲ ਓਹ ਰੁਪਏ ਵਾਲੇ ਬਣਨ। ਧਨੀ ਹੋਕੇ ਉਨ੍ਹਾਂ ਦੀ ਇਹ ਕਾਮਨਾ ਨਹੀਂ ਜੋ ਓਹ ਨਯਾਯ ਤੇ ਚਲਣ ਗੇ, ਉਦਾਰਤਾ ਕਰਣ ਗੇ ਅਥਵਾ ਗਰੀਬਾਂ ਨੂੰ ਆਸਰਾ ਦੇਣਗੇ। ਨਹੀਂ, ਉਨ੍ਹਾਂ ਨੂੰ ਤਾਂ ਕੇਵਲ ਧਨ ਦੀ ਲਾਲਸਾ ਹੈ ਅਤੇ ਅੰਤ ਨੂੰ ਓਹ ਧਨੀ ਬਣਕੇ ਬੁਰੇ ਪਾਸੇ ਲਗਣਗੇ। ਨਾ ਤਾਂ ਇਸ ਗੱਲ ਦੀ ਸਿਖਯਾ ਸਭਾ ਸੁਸੈਟੀਆਂ ਵਿਚ ਹੈ ਅਤੇ ਨਾਹੀਂ ਸਕੂਲ ਕਾਲਜਾਂ ਵਿਚ! ਮਾਤਾ ਪਿਤਾ ਸੰਤਾਨ ਦੀ ਸਿਖਯਾ ਲਈ ਇਸ ਕਰਕੇ ਧਨ ਖਰਚ ਕਰਦੇ ਹਨ ਕਿ ਓਹ ਮਾਤਾ

ਪਿਤਾ ਨਾਲੋਂ ਭੀ ਵਧਕੇ ਧਨੀ ਬਣਨ। ਧਨੀ ਹੋਣ ਦੀ ਚਿੰਤਾ ਜਿਤਨੀ ਧਨੀ ਲੋਕਾਂ ਨੂੰ ਹੈ, ਉਤਨੀ ਸਦਾਚਰਣ ਤੇ ਚਲਣ ਦੀ ਨਹੀਂ ਹੈ। ਪਰ ਯਾਦ ਰਖੋ ਕਿ ਮਨੁੱਖ ਵਿਚ ਮਨੁੱਖ ਪੁਣਾ ਲਿਆਉਂਣ ਵਾਲਾ ਜੇਹੜਾ ਗੁਣ ਹੈ ਓਹ ਨਿਰਾ ਧਨ ਦੇ ਹੀ ਅਧੀਨ ਨਹੀਂ ਹੈ। ਅਸੀਂ ਜੇਕਰ ਸਦਾਚਰਣ ਵਾਲੇ ਹੋਵਾਂਗੇ ਤਾਂ ਸਾਡੇ ਦਵਾਰਾ ਜਗਤ ਦਾ ਵਡਾ ਉਪਕਾਰ ਹੋਵੇ ਗਾ। ਕੇਵਲ ਧਨੀ ਹੋਣ ਨਾਲ ਹੀ ਇਸ ਗੱਲ ਦੀ ਆਸਾ ਨਹੀਂ ਕੀਤੀ ਜਾ ਸਕਦੀ। ਜੋ ਲੋਕ ਗਯਾਨ ਰੈਹਤ ਹਨ ਓਹ ਅਪਣੀ ਗਰੀਬੀ ਤੇ ਪਛਤਾਇਆ ਕਰਦੇ ਹਨ ਅਤੇ ਹਾਇ!੨ ਕਰਦੇ ਰਹਿੰਦੇ ਹਨ ਇਹ ਬੇਸਮਝੀ ਦੀ ਗੱਲ ਹੈ, ਜੋ ਪਦਾਰਥ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੈ, ਉਸਦੇ ਵਾਸਤੇ ਰੁਦਨ ਕਰਣਾ ਬੁਧੀ ਮਾਨੀ ਦਾ ਕੰਮ ਨਹੀਂ ਹੈ। ਇਹ ਭੀ ਦੇਖਯਾ ਗਿਆ ਹੈ ਕਿ ਗਰੀਬੀ ਵਿਚ ਭੀ ਬਾਜ਼ੇ ਆਦਮੀਆਂ ਨੂੰ ਇਤਨਾ ਸੰਤੋਖ ਅਤੇ ਸੁਖ ਹੈ ਜਿਤਨਾ ਅਨੇਕ ਧਨੀਆਂ ਨੂੰ ਸੁਫਨੇ ਵਿਚ ਭੀ ਪ੍ਰਾਪਤ ਨਹੀਂ ਹੁੰਦਾ। ਜਿਨ੍ਹਾਂ ਲੋਕਾਂ ਦਾ ਇਹ ਵਿਸ੍ਵਾਸ ਹੈ ਕਿ ਧਨ ਨਾਲ ਸਾਰੇ ਕੰਮ ਸੌਰ ਸਕਦੇ ਹਨ ਉਨ੍ਹਾਂ ਨੂੰ ਐਸੇ ਮਨੁੱਖ ਸਮਝੋ ਜੋ ਧਨ ਮਿਲਣ ਦੀ ਲਾਲਸਾ ਵਿਚ ਸਭ ਕੁਝ ਕਰਨੇ ਨੂੰ ਤਯਾਰ ਹਨ॥

ਕਹਾਵਤ ਹੈ ਕਿ "ਜਿਨਕੇ ਪੇਰ ਨਾ ਫਟੀ ਬਵਾਈ ਸੋ ਕੀ ਜਾਨਣ ਪੀੜ ਪਰਾਈ" ਜਿਸ ਆਦਮੀ ਨੂੰ ਦੁਖ ਦਾ ਅਨੁਭਵ ਨਹੀਂ, ਓਹ ਦੁਖੀਆਂ ਦੇ ਨਾਲ ਹਮਦਰਦੀ ਕੀ ਕਰ ਸਕਦਾ ਹੈ? ਧਨ ਨਾਲ ਮਨੁੱਖ ਸੰਸਾਰ ਵਿਚ ਜਿਤਨਾ ਸੁਖ ਵਧਾ ਸਕੇ ਉਤਨਾ ਹੀਂ ਉਸਦੇ ਬੁਰੇ ਭਾਗਾਂ ਦੀ ਗੱਲ ਹੈ ਸਭ ਤਰਾਂ ਦੀਆਂ ਦਵਾਵਾਂ ਤੇ ਹੋਰ ਚੀਜ਼ਾਂ ਮੰਗਾਵਣ ਵਾਸਤੇ

ਧਨ ਨਾਲ ਜਿਤਨਾ ਪਾਪ-ਸੰਤਾਪ ਘੱਟ ਹੋਵੇ ਉਤਨਾ ਹੀ ਸੱਚਾ ਪੁੰਨ ਹੈ। ਸੰਸਾਰਿਕ ਲੋੜਾਂ ਨਾਲੋਂ ਵਧ ਧਨ ਹੋਣਾ ਬਿਰਥਾ ਐਬ ਵਧਾਉਂਣ ਦਾ ਕਾਰਣ ਹੁੰਦਾ ਹੈ। ਯਾਦ ਰਖੋ ਕਿ ਜਿਨ੍ਹਾਂ ਕੰਮਾਂ ਨਾਲ ਜੀਵ ਦਾ ਉਧਾਰ ਹੋਣਾ ਸਮਝਿਆ ਜਾਂਦਾ ਹੈ ਉਨ੍ਹਾਂ ਵਿਚ ਧਨ ਦੀ ਲੋੜ ਨਹੀਂ ਪੈਂਦੀ। ਧਨੀ ਲੋਕ ਸਿਰਫ ਅਪਣਾ ਪ੍ਰਤਾਪ ਦਿਖਾਉਂਣ ਲਈ ਨਵੀਂ ੨ ਤਰਾਂ ਦੀਆਂ ਪੁਸ਼ਾਕਾਂ ਤਥਾ ਗੈਹਣੇ ਗੱਟੇ ਪਾਉਂਦੇ ਹਨ । ਅਸਲੀ ਲੋੜ ਉਨ੍ਹਾਂ ਦੀ ਕੁਝ ਭੀ ਨਹੀਂ ਹੈ। ਪਾਪ ਇਸ ਵਿਚ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਪਾਸ ਬਹੁਤ ਧਨ ਨਹੀਂ ਹੈ ਓਹ ਭੀ ਵਡੇ ਧਨੀਆਂ ਦੀ ਰੀਸ ਕਰਦੇ ਹਨ। ਜੇਕਰ ਓਹ ਐਸਾ ਨਾ ਕਰਣ ਤਾਂ ਉਨ੍ਹਾਂ ਨੂੰ ਭੈ ਹੈ ਕਿ ਲੋਕ ਉਨ੍ਹਾਂ ਨੂੰ ਸਧਾਰਣ ਜੇਹਾ ਆਦਮੀ ਸਮਝਣ ਲਗ ਜਾਣਗੇ। ਸਮੇਂ ਦੇ ਫੇਰ ਨਾਲ ਜਿਨ੍ਹਾਂ ਲੋਕਾਂ ਦਾ ਧਨ ਚਲਿਆ ਜਾਂਦਾ ਹੈ, ਉਨ੍ਹਾਂ ਨੂੰ ਸਧਾਰਣ ਰੀਤੀ ਤੇ ਚਲਣਾਂ ਵਡਾ ਔਖਾ ਲਗਦਾ ਹੈ। ਸ਼ਰਮ ਦੇ ਮਾਰੇ ਬਹੁਤੇ ਘਰ ਤੋਂ ਬਾਹਰ ਨਿਕਲਨਾਂ ਹੀ ਛੱਡ ਦੇਂਦੇ ਹਨ। ਪਰ ਜਿਸ ਧਨੀ ਨੇ ਅਪਣਾ ਫਾਲਤੂ ਧਨ ਪਰੋਪਕਾਰ ਦੇ ਕੰਮਾਂ ਵਿਚ ਲਗਾ ਦਿਤਾ ਅਤੇ ਅਪਣੀਆਂ ਇੰਦ੍ਰੀਆਂ ਦੀ ਤ੍ਰਿਪਤੀ ਕਰਣ ਵਿਚ ਉਸਦਾ ਨਾਸ਼ ਨਹੀਂ ਕੀਤਾ ਉਸ ਨੂੰ ਕਦੇ ਸ਼ਰਮਿੰਦਿਆਂ ਹੋਣ ਦੀ ਲੋੜ ਨਹੀਂ ਪੈਂਦੀ

ਕਿਸੇ ਕੌਮ ਦੀ ਵਡਿਆਈ ਉਸਦੇ ਬਹੁਤ ਧਨ ਕਰਕੇ ਨਹੀਂ ਹੁੰਦੀ, ਸਗੋਂ ਨਯਾਯਪ੍ਰਿਯ ਪਵਿਤ੍ਰਤਾ ਤੇ ਭਰਾਤ੍ਰੀ ਭਾਵ ਹੋਣ ਨਾਲ ਹੁੰਦੀ ਹੈ। ਭਾਰਤ ਦੇ ਪੁਰਾਣੇ ਲੋਕ ਬਣਾਂ ਵਿਚ ਰੈਹਕੇ ਕੰਦ ਮੂਲ ਤੇ ਅਪਣਾ ਗੁਜ਼ਾਰਾ ਕਰਦੇ ਸਨ, ਬਿਰਛਾਂ ਦੀ ਛਿੱਲ ਨਾਲ ਅਪਣਾ ਸਰੀਰ ਢਕਦੇ

ਸਨ। ਪਰ ਸਦਾਚਾਰੀ ਹੋਣ ਦੇ ਕਾਰਣ ਉਹ ਅਜ ਤਕ ਸਨਮਾਨ ਨਾਲ ਯਾਦ ਕੀਤੇ ਜਾਂਦੇ ਹਨ॥

ਬਹੁਤ ਮਨੁੱਖਾਂ ਦੇ ਜੀਵਨ ਦਾ ਅਰੰਭਕ ਸਮਾਂ ਧਨ ਪੈਦਾ ਕਰਨ ਵਿਚ ਵਤੀਤ ਹੋ ਜਾਂਦਾ ਹੈ ਅਤੇ ਬਾਕੀ ਦਾ ਸੰਸਾਰਿਕ ਸੁਖਾਂ ਦੀ ਮ੍ਰਿਗਤ੍ਰਿਸ਼ਨਾ ਵਿਚ ਗੁਜ਼ਰਦਾ ਹੈ॥

ਇੰਦ੍ਰੀਆਂ ਦੀ ਤ੍ਰਿਪਤੀ ਕਰਨ ਵਿਚ ਲੋਕ ਕਿਤਨੀ ਭਜ ਦੌੜ ਕਰਦੇ ਹਨ। ਅਪਣੇ ਜੀਵਣ ਦਾ ਮੂਲ ਕਾਰਣ ਭੀ ਉਹ ਇਸੇ ਕੰਮ ਨੂੰ ਸਮਝਦੇ ਹਨ। ਇਸ ਵਿਚ ਉਨ੍ਹਾਂ ਦਾ ਦੋਸ਼ ਇਹੋ ਹੈ ਕਿ ਉਨ੍ਹਾਂ ਨੇ ਸਦਾਚਰਣ ਤੇ ਚਲਣ ਦੇ ਅਨੰਦ ਨੂੰ ਕਦੇ ਜਾਣਿਆਂ ਨਹੀਂ। ਜੇਕਰ ਉਹ ਦੋਹਾਂ ਦੀ ਦਸ਼ਾ ਤੇ ਤਰਸ ਖਾਣਾ ਸਿਖਣ ਇੰਦ੍ਰਯਜਿਤ ਹੋਕੇ ਸ਼ਰੀਰਕ ਸੰਤੋਖ ਦਾ ਅਨੁਭਵ ਕਰਨ ਅਤੇ ਅੰਤਰਮੁਖੀ ਪ੍ਰਸੰਨਤਾ ਦਾ ਭੇਤ ਸਮਝਣ ਤਦ ਉਨ੍ਹਾਂ ਨੂੰ ਅਪਣਾ ਜੀਵਣ ਸੁਫਲ ਮਲੂਮ ਹੋਵੇਗਾ। ਅਜ ਕਲ ਤਾਂ ਸਭ ਕਿਸੇ ਨੂੰ ਅਪਣੇ ਗਵਾਂਢੀਆਂ ਦੀ ਨਜ਼ਰ ਵਿਚ ਵਡਾ ਬਣਨ ਦੀ ਹੀ ਲਾਲਸਾ ਲਗੀ ਹੋਈ ਹੈ। ਇਸ ਕੰਮ ਲਈ ਉਹ ਅਪਣੀ ਸਮਰਥਾ ਤੋਂ ਬਾਹਰ ਧਨ ਖਰਚ ਕਰਨ ਵਿਚ ਭੀ ਨਹੀਂ ਸੰਕੋਚਦੇ। ਇਹੋ ਕਾਰਣ ਹੈ ਕਿ ਬਹੁਤਿਆਂ ਦੀ ਅਪਣੀ ਆਮਦਨੀ ਗੁਜ਼ਾਰੇ ਜੋਗੀ ਨਹੀਂ ਹੁੰਦੀ। ਬਥੇਰੇ ਕਰਜਾਈ ਹੋਕੇ ਅਪਣੀ ਮਰਜਾਦਾ ਕਾਇਮ ਰਖਦੇ ਹਨ। ਧਨੀ ਲੋਕਾਂ ਦੀਆਂ ਲੜਕੀਆਂ ਗਹਿਣੇ ਅਤੇ ਕਪੜੇ ਪੈਹਰਣਾਂ ਜਿਸ ਰੀਝ ਨਾਲ ਸਿਖਦੀਆਂ ਹਨ, ਉਤਨੇ ਗਹੁ ਨਾਲ ਕੋਈ ਹੁਨਰ ਨਹੀਂ ਸਿਖਦੀਆਂ। ਸਰੀਰਕ ਪਰਿਸ਼੍ਰਮ ਦੇ ਕੰਮਾਂ ਨੂੰ ਉਹ ਅਪਣੀ ਕੁਲ ਰੀਤੀ ਦੇ ਵਿਰਧ ਸਮਝਦੀਆਂ ਹਨ। ਰੋਟੀ ਪਾਣੀ ਕਰਣ ਦਾ ਵੱਲ

ਸਭ ਤਰਾਂ ਦਾਆ ਦਵਾਵਾਂ ਤ ਹੋਰ ਚੀਜ਼ਾਂ ਮੰਗਾਵਨ ਵਾਸਤੇ

ਭੀ ਬਹੁਤੀਆਂ ਨੂੰ ਚੰਗੀ ਤਰਾਂ ਨਹੀਂ ਆਉਂਦਾ ਉਨ੍ਹਾਂ ਨੂੰ ਇਸ ਗਲ ਦਾ ਭੈ ਰਹਿੰਦਾ ਹੈ ਕਿ ਕਦਾਚਿਤ ਦਾਸੀਆਂ ਦੀ ਤਰਾਂ ਕੰਮ ਕਰਣ ਕਰਕੇ ਉਨ੍ਹਾਂ ਦਾ ਰੰਗ ਵਿਗੜ ਜਾਵੇਗਾ। ਉਹ ਇਹ ਨਹੀਂ ਜਾਣਦੀਆਂ ਕਿ ਮੇਹਨਤ ਦੇ ਕਾਰਣ ਉਨ੍ਹਾਂ ਨੂੰ ਭੁਖ ਲਗੇਗੀ, ਖਾਣਾ ਪੀਣਾ ਚੰਗੀ ਤਰਾਂ ਪਚੇਗਾ, ਖਾਂਸੀ ਜ਼ੁਕਾਮ ਦਾ ਨਾਉਂ ਤਕ ਨਹੀਂ ਹੋਵੇਗਾ ਅਤੇ ਉਨ੍ਹਾਂ ਦੀ ਸੁੰਦਰਤਾ ਹੋਰ ਭੀ ਵਧ ਜਾਵੇਗੀ॥

ਪੁਰਖ ਹੋਵੇ ਭਾਵੇਂ ਇਸਤ੍ਰੀ, ਜਿਸਨੇ ਸਦਾਚਰਣ ਨੂੰ ਮੁੱਖ ਰੱਖਯਾ ਹੈ ਉਸੇ ਦਾ ਜੀਵਣ ਧੰਨਤਾ ਦੇ ਯੋਗ ਹੈ। ਅਪਣਾ ਖਾਣਾ ਪੀਣਾ, ਵਸਤ੍ਰ ਗੈਹਣੇ, ਉਠਣ ਬੈਠਣ ਸਭ ਸਧਾਰਣ ਰੱਖਣਾਂ ਚਾਹੀਦਾਂ ਹੈ। ਜੋ ਸਦਾ ਅਪਣੇ ਸਜਾਓ ਅਤੇ ਸ਼ਿੰਗਾਰ ਨੂੰ ਆਮ ਲੋਕਾਂ ਵਿਚ ਦਿਖਾਉਂਣ ਦੀ ਚੇਸ਼੍ਟਾ ਕਰਦੇ ਹਨ, ਜੋ ਅਪਨਾ ਬਲ ਪਰੋਪਕਾਰ ਵਿਚ ਖਰਚ ਨਾਂ ਕਰਕੇ ਕੇਵਲ ਸ਼ਾਬਾਸ਼ੀਆਂ ਲੈਣ ਵਿਚ ਲਾਉਂਦੇ ਹਨ ਓਨਾਂ ਦਾ ਜੀਵਣ ਸੰਸਾਰ ਵਿਚ ਅਪਨੀ ਕੁਝ ਕੀਰਤੀ ਨਾਂ ਛਡ ਜਾਵੇਗਾ। ਜੋ ਲੋਕ ਦੂਜਿਆਂ ਦਾ ਬੁਰਾ ਚਿਤਵਦੇ ਰੈਂਹਦੇ ਹਨ ਓਨ੍ਹਾਂ ਦਾ ਕੋਈ ਕੰਮ ਭੀ ਚੰਗਾ ਨਹੀਂ ਹੁੰਦਾ॥

ਭਲੇ ਆਦਮੀਆਂ ਨੂੰ ਕਦੇ ਕਾਹਲੀ ਕਰਣ ਦੀ ਲੋੜ ਨਹੀਂ ਪੈਂਦੀ। ਨਾ ਉਨ੍ਹਾਂ ਦੇ ਸਰੀਰ ਵਿਚ ਘਬਰਾਹਟ ਦਾ ਪਰਸੇਓ ਆਉਂਦਾ ਹੈ। "ਕਾਹਲਾ ਕੰਮ ਸ਼ੈਤਾਨ ਦਾ ਹੁੰਦਾ ਹੈ" ਹਸਮੁਖੀ ਅਤੇ ਚੰਗੀ ਕਾਰਵਿਧੀ ਦੇਖਣ ਨਾਲ ਹੀ ਭਲਾ ਆਦਮੀ ਪਛਾਣ ਲਿਆ ਜਾਂਦਾ ਹੈ। ਸੱਜਣ ਪੁਰਖ ਬਕਵਾਸੀ ਨਹੀਂ ਹੁੰਦੇ। ਕਿਸੇ ਕੰਮ ਨੂੰ ਬੇਢੰਗਾ ਕਰ ਦੇਣਾ ਭਲੇ ਆਦਮੀਆਂ ਦਾ ਕੰਮ ਨਹੀਂ ਹੈ। ਅਪਣਾ ਨਾਮਣਾ

ਕਰਨ ਦੀ ਓਨ੍ਹਾਂ ਵਿਚ ਇੱਛਾ ਨਹੀਂ ਹੁੰਦੀ। ਓਹ ਗਰਜਦੇ ਨਹੀਂ, ਵਰਖਾ ਕਰਦੇ ਹਨ। ਅਪਣੀ ਵਿਦ੍ਯਾ ਦਾ ਅਭਿਮਾਨ ਨਹੀਂ ਕਰਦੇ। ਓਹ ਅਪਣੇ ਸਾਰੇ ਕੰਮਾਂ ਨੂੰ ਸੁਤੰਤ੍ਰ ਭਾਵ ਨਾਲ ਕਰਦੇ ਹਨ ਓਨਾਂ ਨੂੰ ਅਪਣੇ ਹਥਾਂ ਪੈਰਾਂ ਤੇ ਭਰੋਸਾ ਹੈ। ਓਹ ਇਸ ਪ੍ਰਿਥਵੀ ਦੇ ਸਮਾਨ ਹਨ ਜੋ ਸਭ ਤਰਾਂ ਦਾ ਭਾਰ ਸੈਹਨ ਕਰਦੀ ਹੈ ਅਤੇ ਸਭ ਦੀ ਪਾਲਣਾ ਪੋਸਣਾਂ ਕਰਦੀ ਹੈ। ਪਜ਼ਾਰੇ ਪਾਠਕ, ਤੁਸੀਂ ਅਪਣਾ ਸੱਚਾ ਰੂਪ ਹੀ ਲੋਕਾਂ ਵਿਚ ਦਿਖਾਓ। ਅਪਣੇ ਆਪ ਨੂੰ ਵਖਾਲੇ ਦੇ ਧਨੀ ਅਭਿਮਾਨੀ, ਵਿਦ੍ਵਾਨ ਅਥਵਾ, ਦੁਖਦਾਈ ਬਲਵਾਨ ਬਣਕੇ ਨਾ ਦਿਖਾਓ। ਅੰਦਰੋਂ ਬਾਹਰੋਂ ਇੱਕੋ ਜੇਹੇ ਰਹੋ। ਅਪਣੀ ਦਸ਼ਾ ਤੇ ਪ੍ਰਸੰਨ ਰਹੋ। ਗਰੀਬ ਹੈਗੇ ਹੋ ਤਾਂ ਭਾਗਾਂ ਨੂੰ ਨਾ ਗਾਲ੍ਹਾਂ ਦਿਓ। ਤੁਸੀਂ ਜਿਸ ਯੋਗ ਹੋ ਤੁਹਾਨੂੰ ਉਤਨਾਂ ਹੀ ਮਿਲਯਾ ਹੈ। ਨਾਰਾਜ਼ ਰੈਹਣ ਦੀ ਜਿਸ ਨੂੰ ਆਦਤ ਹੈ ਉਸ ਨੂੰ ਸ੍ਵਰਗ ਵਿਚ ਭੀ ਸੁਖ ਨਹੀਂ ਮਿਲਦਾ। ਅਪਣੀ ਹਾਲ ਦੀ ਵਰਤਮਾਨ ਹਾਲਤ ਨੂੰ ਧੰਨ ਜਾਣੋਂ। ਇਹ ਭਰੋਸਾ ਨਾਂ ਕਰੋ ਕਿ ਜਿਤਨੇ ਧਨੀ ਮਾਨੀ ਲੋਕ ਹਨ ਓਹ ਸਾਰੇ ਸੁਖੀ ਹਨ। ਜੋ ਮਨੁੱਖ ਬਿਪਤਾ ਦੇ ਮਾਰੇ ਹੋਏ ਦੁਖੀਆਂ ਦਾ ਮੁਰਝਾਯਾ ਹੋਯਾ ਮੁਖ ਖਿੜਾਓ ਵਿਚ ਲਿਆ ਸਕਦਾ ਹੈ ਉਹ ਵਡਾ ਹੀ ਪੁੰਨ ਆਤਮਾ ਹੈ ਅਰ ਉਹੋ ਹੀ ਸਦਾ ਪ੍ਰਸੰਨ ਰਹ ਸਕਦਾ ਹੈ।

ਦਸਵਾਂ ਪਾਠ!

ਮਿਯਾਦਾ ਅਤੇ ਸੰਜਮ ਵਿਚ ਰੈਹਣ ਵਾਲੇ ਲੋਕ ਭਾਵੇਂ ਵਿਸ਼ੇਸ਼ ਰੋਗਾਂ ਤੋਂ ਬਚੇ ਹੀ ਰੈਂਹਦੇ ਹਨ, ਪਰ ਫੇਰ ਭੀ ਕਈ ਅਚੇਤ ਭੁਲਾਂ ਹੋ ਜਾਂਦੀਆਂ ਹਨ ਕਿਉਂਕਿ "ਅਭੁਲ ਗੁਰੂ ਕਰਤਾਰ" ਹੈ, ਦੇਹ ਦੁਖਾਂ ਦੀ ਖਾਨ ਹੈ। ਸੋ ਜਦ ਕਦੇ ਆਪਨੂੰ ਜਾਂ ਆਪ ਦੇ ਕਿਸੇ ਸੰਬੰਧੀ ਨਜ਼ਦੀਕੀ ਦੇ ਕਿਸੇ ਪ੍ਰਕਾਰ ਦਾ ਕੋਈ ਰੋਗ ਖੇਦ ਹੋਵੇ ਤਦ ਉਸਨੂੰ ਤੁੱਛ ਜਾਣਕੇ ਗਾਫਲ ਨਹੀਂ ਹੋਣਾਂ ਚਾਂਹੀਦਾ ਰੋਗ, ਸ਼ਤ੍ਰੂ, ਸਰਪ, ਅੱਗਦੇ ਚੰਗਯਾੜੇ ਨੂੰ ਤੁੱਛ (ਛੋਟਾ) ਸਮਝ ਕੇ ਗਾਫ਼ਿਲ ਹੋਣਾ ਅਤੇ ਸਤਯਾਨਾਸ ਹੋ ਜਾਣਾ ਇਹ ਨਿਸਚਿਤ ਕਰਕੇ ਇਕੋ ਜੇਹਾ ਹਾਹੈ। ਪੁੰਗਰ ਦੇ ਸਾਰ ਤਾਂ ਬੋਹੜ ਦੇ ਬ੍ਰਿਛ ਦਾ ਭੀ ਸੂਖਮ ਰੂਪ ਹੋਣ ਕਰਕੇ ਨਸ਼੍ਰ ਕੀਤਾ ਜਾ ਸਕਦਾ ਹੈ, ਪਰ ਵਧ ਜਾਵਣ ਤੇ ਦੱਭ ਜੋ ਇਕ ਕਿਸਮ ਦਾ ਘਾਹ ਹੀ ਹੁੰਦਾ ਹੈ ਤਿਸ ਦੇ ਪੁੱਟਣ ਲਈ ਭੀ ਅਤਿਯੰਤ ਕਠਨਾਈਆਂ ਪੈਂਦੀਆਂ ਹਨ। ਇਸ ਲਈ ਰੋਗ ਦੇ ਉਤਪੰਨ ਹੁੰਦੇ ਹੀ ਸਾਧਾਰਣ ਸੰਜਮ ਕਰਕੇ ਉਸਦੇ ਨਸ਼੍ਰ ਕਰਣ ਦਾ ਹੀ ਜਤਨ ਕਰਨਾ ਚਾਹੀਦਾ ਹੈ। ਜੇਕਰ ਧਯਾਨ ਦਿਓ ਤਾਂ ਅਰੰਭਿਕ ਬਿਮਾਰੀਆਂ ਸੁਖਾਲੀਆਂ ਨਸ਼੍ਰ ਕੀਤੀਆਂ ਜਾ ਸਕਦੀਆਂ ਹਨ। ਜੇ ਗਰਮੀ ਬਹੁਤ ਹੋ ਜਾਵਨ ਤੋਂ ਕੋਈ ਰੋਗ ਹੋਵੇ ਤਦ ਨੀਂਦ ਬਹੁਤ ਕਰਨੀ, ਬਾਗ ਬਗੀਚੇ ਜਾਂ ਹਰੇ ਖੇਤਾਂ ਦੀ ਸੈਰ, ਸਰਦ ਚੀਜਾਂ ਦਾ ਵਰਤਨਾ ਆਦਿਕ।

ਪਤਾ—ਮੋਹਨ ਸਿੰਘ ਵੈਦ ਤਰਨ ਤਾਰਨ (ਪੰਜਾਬ)

ਜੇ ਹਵਾ ਬਹੁਤ ਹੋਂਣ ਤੋਂ ਕੋਈ ਰੋਗ ਹੋਵੇ ਤਦ ਘੇਓ ਤੇਲ ਆਦਿਕ ਦੀ ਮਾਲਸ਼, ਸਾਧਾਰਨ ਗਰਮ ਚੀਜਾਂ ਦਾ ਖਾਣ ਪੀਣ ਵਿਚ ਹੀ ਵਰਤਾਰਾ ਕਰ ਲੈਂਣਾ ਹੈ ਅਤੇ ਜੇ ਕਫ ਦੇ ਵਾਧੇ ਤੋਂ ਕੋਈ ਰੋਗ ਹੋਵੇ ਤਦ ਭੁਖੇ ਰੈਹਣਾ ਆਦਿਕ ਪਰ ਜੇ ਦਵਾਈ ਹੀ ਵਰਤਨ ਦੀ ਲੋੜ ਪਵੇ ਤਾਂ ਕਿਸੇ ਸਿਆਣੇ ਦੀ ਸਲਾਹ ਨਾਲ ਲਗਦੀ ਵਾਹ ਕੋਈ ਸੁਖਾਲੀ ਜੇਹੀ ਦਵਾਈ ਵਰਤਨੀ ਚਾਹੀਦੀ ਹੈ। ਜੇ ਏਥੋਂ ਤਕ ਕੋਈ ਲਾਭ ਪ੍ਰਾਪਤ ਨਾ ਹੋਵੇ ਤਦ ਹੀ ਖਾਸ ਦਵਾਈਆਂ ਦੇ ਦਾਸ ਬਣਨਾ ਚਾਹੀਦਾ ਹੈ, ਪਰ ਕਿਸੇ ਸਮਝ ਵਾਲੇ, ਦਯਾ ਵਾਲੇ ਤੇ ਨਿਰਲੋਭ ਸਿਆਣੇ ਦੀ ਸਲਾਹ ਨਾਲ! ਵੈਦਕ ਸ਼ਾਸਤ੍ਰ ਵਿਚ ਮੰਨਿਆ ਹੈ ਕਿ ਇੰਦ੍ਰ ਦੇ ਬੱਜਰ ਮਾਰਿਆਂ ਕੋਈ ਬਚ ਜਾਵੇ ਤਾਂ ਕੁਝ ਅਚਰਜ ਨਹੀਂ, ਭਿਆਨਕ ਤੋਂ ਭਿਆਨਕ ਜ਼ੈਹਰ ਨਾਲ ਕਿਸੇ ਦਾ ਕੁਝ ਨਾ ਵਿਗੜੇ ਤਾਂ ਵਡੀ ਗਲ ਨਹੀਂ, ਅੱਗ ਵਿਚ ਪੈਕੇ ਨਾ ਸੜੇ ਜਾਂ ਜਲ ਵਿਚ ਨਾ ਡੁਬੇ ਜਾਂ ਉਚੇ ਪਹਾੜ ਤੋਂ ਡਿਗਕੇ ਬਚ ਰਹੇ ਤਦ ਐਡੀ ਹੈਰਾਨਗੀ ਨਹੀਂ, ਪਰ ਮੂਰਖ ਬੇਸਮਝ ਵੈਦ ਡਾਕਟਰ ਹਕੀਮ ਦੀ ਦਵਾਈ ਦੇ ਮਾਰ ਦਾ ਕਦੇ ਬਚਾਉ ਨਹੀਂ ਹੋਸਕਦਾ। ਅਖਾਵਤ ਭੀ ਹੈ ਕਿ "ਰੱਬ ਦਾ ਮਾਰਿਆ ਬਚ ਜਾਏ ਤਾਂ ਬਚ ਜਾਏ ਪਰ ਮੂਰਖ ਹਕੀਮ ਦਾ ਮਾਰਿਆ ਕਦੇ ਨਹੀਂ ਬਚਦਾ" ਸੋ ਕਾਗਜ਼ੀ ਹਕੀਮਾਂ, ਖਾਹ-ਮਖਾਹ ਦੇ ਡਾਕਟਰਾਂ, ਅਨਪੜ੍ਹ ਪ੍ਰੋਫੈਸਰਾਂ, ਨਾਮ ਮਾਤ੍ਰ ਦੇ ਭੇਖੀ ਸਾਧੂਆਂ ਤੇ ਸੈਨਿਆਸੀਆਂ ਅਰ ਅਨਪੜ੍ਹ ਵੈਦਾਂ ਤੋਂ ਸਦਾ ਬਚੋ ਅਰ ਜ਼ਰੂਰ ਬਚੋ। ਆਪਣੇ ਆਪ ਤੇ, ਆਪਣੀ ਉਲਾਦ ਤੇ ਤਰਸ ਕਰਕੇ ਬਚੋ! ਏਥੇ ਇਸ ਗੱਲ ਦੀ ਪ੍ਰੇਰਨਾ ਕਰਨ

ਸਭ ਤਰਾਂ ਦੀਆਂ ਦਵਾਵਾਂ ਤੇ ਹੋਰ ਚੀਜ਼ਾਂ ਮੰਗਾਨ ਵਾਸਤੇ

ਦੀ ਜ਼ਰੂਰਤ ਨਹੀਂ ਕਿ ਤੁਸੀਂ ਬਿਨਾ ਕਿਸੇ ਤਰਾਂ ਦੀ ਫੀਸ ਵਗੈਰਾ ਤੇ ਹੋਰ ਫਾਲਤੂ ਖਰਚ ਕਰਨ ਦੇ ਸਾਡੀ ਸਲਾਹ ਰੋਗੀ ਦਾ ਪੂਰਾ ੨ ਹਾਲ ਲਿਖਕੇ ਜਾਂ ਰੋਗੀ ਨੂੰ ਵਿਖਾਲਕੇ ਮੁਫਤ ਲੈ ਸਕਦੇ ਹੋ ਜਾਂ ਸਾਡੇ ਔਖਧਾਲਯ ਵਿਚ ਨਿਰਦੋਸ਼ ਸੁਧ ਅਤੇ ਪਵਿਤ੍ਰ ਔਖਦੀਆਂ ਜੋ ਅਤੀ ਗੁਣਕਾਰੀ ਹਨ ਕੌਡੀਆਂ ਦੇ ਮੁਲ ਮਿਲ ਸਕਦੀਆਂ ਹਨ, ਜਾਂ ਫੈਰਿਸਤਾਂ ਇਕ ਕਾਰਡ ਭੇਜਕੇ ਮੁਫਤ ਮੰਗਵਾ ਲਵੋ। ਪ੍ਰੇਰਨਾ ਸਿਰਫ ਇਸ ਗਲ ਦੀ ਹੈ ਕਿ ਜਦ ਕਿਸੇ ਦੇ ਇਲਾਜ ਦੀ ਲੋੜ ਪਵੇ ਤਾਂ ਕਿਸੇ ਸਮਝ ਵਾਲੇ ਤਜਰਬਾਕਾਰ ਹਿਤਕਾਰੀ ਤੇ ਨਿਰਲੋਭ ਵੈਦ, ਹਕੀਮ ਜਾਂ ਡਾਕਟਰ ਦਾ ਇਲਾਜ ਕਰੋ। ਇਸ਼ਤਹਾਰੀ ਹਕੀਮਾਂ ਤੋਂ ਸਦਾ ਬਚੇ ਰਹੋ। ਇਸ ਪਾਠ ਵਿਚ ਸੁਖ ਪ੍ਰਾਪਤੀ ਵਾਸਤੇ ਇਹ ਪ੍ਰਗਟ ਕਰ ਦੇਣਾ ਭੀ ਜਰੂਰੀ ਪ੍ਰਤੀਤ ਹੁੰਦਾ ਹੈ ਕਿ ਜਿਸ ੨ ਦੇਸ ਵਾਯੂ ਜਲ ਆਦਿ ਤੋਂ ਪ੍ਰਾਣੀਆਂ ਦੀ ਉਤਪਤੀ ਹੈ ਉਸੇ ੨ ਦੇਸ, ਵਾਯੂ ਜਲ ਆਦਿਕ ਤੋਂ ਉਤਪੰਨ ਹੋਈਆਂ ੨ ਔਖਧੀਆਂ ਹੀ ਉਨ੍ਹਾਂ ਦੇ ਸਰੀਰ ਨਾਲ ਮਿਲ ਸਕਦੀਆਂ ਹਨ ਅਤੇ ਚੰਗਾ ਗੁਣ ਕਰ ਸਕਦੀਆਂ ਹਨ। ਦੂਸਰੇ ਦੇਸਾਂ ਦੀਆਂ ਦਵਾਈਆਂ ਉਨ੍ਹਾਂਦੇ ਮੁਆਫਕ ਨਹੀਂ ਆ ਸਕਦੀਆਂ। ਜਿਸ ਤਰਾਂ ਠੰਡੇ ਦੇਸਾਂ ਵਿਚ ਗਰਮ ਦੇਸਾਂ ਦੀ ਤਰਾਂ, ਜਾਂ ਗਰਮ ਦੇਸਾਂ ਵਿਚ ਠੰਡੇ ਦੇਸਾਂ ਦੀ ਤਰਾਂ। ਇਸੇ ਤਰਾਂ ਠੰਡੇ ਤੇ ਗਰਮ ਦੇਸਾਂ ਦੀ ਤਰਾਂ ਸਮਾਨ ਦੇਸਾਂ ਵਿਚ ਖਾਣ ਪੀਣ ਪੈਹਰਣ ਤੇ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਇਸੇ ਤਰਾਂ ਠੰਡੇ ਦੇਸਾਂ ਦੀਆਂ ਦਵਾਵਾਂ ਗਰਮ ਜਾਂ ਸਮਾਨ ਦੇਸਾਂ ਦੇ ਪ੍ਰਾਣੀਆਂ ਵਾਸਤੇ ਲਾਭ ਦਾਇਕ ਨਹੀਂ ਹੋ

ਸਕਦੀਆਂ। ਇਤਯਾਦਿਕ, ਸੋ "ਸੁਖ ਮਾਰਗ" ਵਾਸਤੇ ਇਸ ਪਾਠ ਨੂੰ ਭੀ ਸਦਾ ਯਾਦ ਰਖਣਾ ਚਾਹੀਦਾ ਹੈ। ਕਿਉਂਕਿ ਸਾਰੇ ਸੁਖਾਂ ਦੀ ਪ੍ਰਾਪਤੀ ਦਾ ਸਾਧਨ ਸਰੀਰ ਦੀ ਅਰੋਗਤਾ ਹੀ ਹੈ। ਪਰ ਇਹ ਸਰੀਰ ਸਭ ਤੋਂ ਵਡਾ ਕ੍ਰਿਤਘਨ ਹੈ ਜੋ ਵਰਿਹਾਂ ਬਧੀ ਇਸਦੀ ਪਾਲਣਾ ਪੋਖਣਾ ਕਰੋ, ਅਰਾਮ ਵਿਚ ਰਖੋ, ਪਰ ਜ਼ਰਾ ਭੀ ਵਿਗਾੜ ਜਾਂ ਬੇਅਰਾਮ ਹੋਵਣ ਤੇ ਇਹਵਿਗੜਜਾਂ ਸਾਥਛਡਜਾਂਦਾਹੈ,ਜਿਸ ਕਰਕੇ ਇਸਦੀ ਵਡੀ ਸੰਭਾਲ ਰਖਣ ਦੀ ਲੋੜ ਹੈ। ਧੰਨ ਹਨ ਉਹ ਪਵਿਤ੍ਰ ਆਤਮਾ ਜੋ ਹੋਰ ਧਨ ਮਾਲ ਸੰਪਤੀ ਸੰਬੰਧੀ ਤਾਂ ਕਿਤੇ ਰਹੇ ਸਰੀਰ ਤੋਂ ਭੀ ਸਦਾ ਨ੍ਰਿਮੋਹ ਰਹਿੰਦੇ ਹਨ॥

ਉਪਸੰਹਾਰ!

(ਸਮਾਪਤੀ)

—o—

ਪੁਸਤਕਾਂ ਵਿਚ ਲਿਖੇ ਉਪਦੇਸ਼ਾਂ ਤੇ ਚਲਣ ਦੀ ਇਛਾ ਮਨੁਖ ਨੂੰ ਪਹਿਲਾਂ ਸੰਸਾਰਿਕ ਸੰਪਦਾ ਪ੍ਰਾਪਤੀ ਕਰਣ ਦੀ ਅਭਿਲਾਖਾ ਤੋਂ ਹੀ ਹੁੰਦੀ ਹੈ, ਪਰ ਜਦ ਉਹ ਸਰੀਰ ਅਤੇ ਮਨ ਕਰਕੇ ਤਕੜੇ ਹੋ ਜਾਂਦੇ ਹਨ ਅਤੇ ਇਕਾਗ੍ਰ ਮਨ ਕਰਕੇ ਸੰਸਾਰ ਦੇ ਸੁਖ ਦੁਖ ਤੇ ਨਜ਼ਰ ਕਰਦੇ ਹਨ ਤਦ ਉਨ੍ਹਾਂ ਨੂੰ ਸਭ ਕੁਝ ਦਿਸਣ ਲਗ ਪੈਂਦਾ ਹੈ। ਇਹ ਲੋਕ ਅਤੇ ਪ੍ਰਲੋਕ ਦੋਵੇਂ ਉਨ੍ਹਾਂ ਦੀ ਨਜ਼ਰ ਦੇ ਸਾਮ੍ਹਣੇ ਹੁੰਦੇ ਹਨ। ਇਸ ਸੰਸਾਰ ਨੂੰ ਪਯਾਰਾ ਸਮਝਣ ਵਾਲੇ ਧਨ ਦੌਲਤ ਤੇ ਉਲਾਦ ਦੀ ਲਾਲਸਾ ਕਰਦੇ ਹਨ, ਵਿਸ਼ੇ ਵਿਕਾਰ ਭੋਗਣ ਵਿਚ ਅਪਣਾਂਜਨਮ ਸੁਫਲਾ ਹੋਇਆ ਸਮਝਦੇ ਹਨ। ਜਦ ਸਰੀਰ ਅਰੋਗ ਹੈ ਅਤੇ ਵੀਰਜ ਰੱਖਯਾ

ਦੇ ਪ੍ਰਭਾਉ ਕਰਕੇ ਸੋਚਣ ਸਮਝਣ ਦੀ ਪੂਰਣ ਸ਼ਕਤੀ ਹੈ ਤਾਂ ਧਨ ਕਮਾਣਾ ਕੁਝ ਔਖੀ ਗੱਲ ਨਹੀਂ ਹੈ। ਧਨ ਦੇ ਸੁਖਾਲ ਕਰਕੇ ਸਭ ਤਰਾਂ ਦੇ ਅਰਾਮ ਮਿਲਦੇ ਹਨ। ਜਿਤੇਂਦ੍ਰਿਯ ਪੁਰਸ਼ ਜੋ ਜੋ ਨੇਮ ਅਨੁਸਾਰ ਸੰਸਾਰਿਕ ਵਿਹਾਰ ਕਰਦੇ ਹਨ ਓਹ ਮਨ ਇੱਛਤ ਸੁਘੜ ਅਤੇ ਯੋਗ ਸੰਤਾਨ ਪ੍ਰਾਪਤ ਕਰਦੇ ਹਨ। ਉਨ੍ਹਾਂ ਨੂੰ ਇਸੇ ਜਨਮ ਵਿਚ ਸੁਰਗ ਦਾ ਅਨੰਦ ਪ੍ਰਾਪਤ ਹੋਣ ਲਗ ਜਾਂਦਾ ਹੈ। ਪਰ ਜੇਹੜੇ ਇਸ ਪ੍ਰਤੱਖ ਜਗਤ ਦੇ ਸੁਖ ਨੂੰ ਸਦਾ ਕੈਮ ਰੈਹਣ ਵਾਲਾ ਨਹੀਂ ਮੰਨ ਦੇ ਹਨ ਓਹ ਧਨ ਸੰਤਾਨ ਦੇ ਮੋਹ ਵਿਚ ਨਹੀਂ ਪੈਂਦੇ ਉਨ੍ਹਾਂ ਦਾ ਉੱਦੇਸ਼ ਹੀ ਹੋਰ ਹੁੰਦਾ ਹੈ। ਐਸੇ ਪ੍ਰਾਣੀਆਂ ਦੇ ਲਈ ਤਾਂ ਸਰੀਰ ਦੀ ਅਰੋਗਤਾ ਅਤੇ ਇੰਦ੍ਰੀਆਂ ਦਾ ਰੋਕਣਾ ਅਤਿਯੰਤ ਜਰੂਰੀ ਹੈ। ਇਸਦੇ ਬਿਨਾਂ ਤਾਂ ਓਹ ਇਕ ਕਦਮ ਭੀ ਅਗੇ ਨਹੀਂ ਚਲ ਸਕਦੇ। ਜਦ ਓਹ ਇਸ ਉਚਾਈ ਨੂੰ ਪਹੁੰਚਣ ਗੇ ਤਦ ਉਨ੍ਹਾਂ ਨੂੰ ਸੰਸਾਰਿਕ ਸੁਖ ਸੁਪਨੇ ਦੀ ਤਰਾਂ ਪ੍ਰਤੀਤ ਹੋਣ ਗੇ ਅਤੇ ਪਰਮਾਨੰਦ ਦੀ ਪ੍ਰਾਪਤੀ ਨਾਲ ਓਹ ਅਖੈ ਜੀਵਣ ਅਮਰ ਪਦਵੀ ਪ੍ਰਾਪਤ ਕਰਣ ਗੇ। ਆਪ ਵਿਚਾਰ ਸਕਦੇ ਹੋ, ਇਹ ਇਕ ਛੋਟੀ ਜੇਹੀ ਪੁਸਤਕ ਹੈ ਜੋ ਕੁਝ ਇਸ ਵਿਚ ਜਿਸ ਵਿਚਾਰ ਨਾਲ ਲਿਖਯਾ ਗਿਆ ਹੈ—ਜੇ ਉਸਤੇ ਕੋਈ ਅਮਲ ਕਰਕੇ ਦੇਖੇਗਾ ਤਾਂ ਜਰੂਰ ਸੁਖ ਦੀ ਪ੍ਰਾਪਤੀ ਕਰੇਗਾ। ਇਸ ਵਿਚ ਸੰਖੇਪ ਨਾਲ ਵਰਨਨ ਕੀਤੇ ਗਏ ਉਪਦੇਸ਼ਾਂ ਤੇ ਚਲਣ ਵਾਲਿਆਂ ਨੂੰ ਹਰ ਤਰਾਂ ਨਾਲ ਸੁਖਾਂ ਦਾ ਵਾਧਾ ਅਰ ਸਫਲਤਾ ਪ੍ਰਾਪਤ ਹੋਵੇ, ਅਕਾਲ ਪੁਰਖ਼ ਅਗੇ ਸਾਡੀ ਇਹੋ ਬੇਨਤੀ ਹੈ॥ ਇਤਿ॥

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਜੀਵਨ ਸੁਧਾਰ !

ਵਾਸਤੇ ਕੋਈ ਭੀ ਯਤਨ ਕਰਨ ਦਾ ਵਿਚਾਰ ਹੋਵੇ ਪਰ ਅਰੋਗਯਤਾ ਦੇ ਬਿਨਾ ਕੋਈ ਭੀ ਸ਼ਿਰੇ ਨਹੀਂ ਚੜ੍ਹ ਸਕਦਾ ! ਅਰਥਾਤ ਧਰਮ, ਅਰਥ, ਕਾਮ, ਮੋਖਸ਼ ਦੀ ਪ੍ਰਾਪਤੀ ਰੋਗੀ ਸਰੀਰ ਕਦੇ ਭੀ ਨਹੀਂ ਕਰ ਸਕਦਾ ! ਕਿਸੇ ਭੀ ਤਰਾਂ ਦੀ ਉੱਨਤੀ ਦਾ ਵਿਚਾਰ ਕਰੋ ਸਭ ਵਾਸਤੇ ਏਹ ਅਰੋਗ ਦੀ ਲੋੜ ਹੈ। ਪਰ ਸ਼ੋਕ ! ਹੈ ਕਿ ਸਾਡੇ ਦੇਸੀ ਭਰਾ ਉੱਨਤੀ ਦੇ ਹੋਰ ਯਤਨ ਕਰਦੇ ਹੋਏ ਅਰੋਗਯਤਾ ਦੇ ਪਿਆਰ ਵਲੋਂ ਮੂਲੋਂ ਹੀ ਵਿਮੁਖ ਹਨ ਜਾਂਣੋਂ ਆਪ ਨੂੰ ਪਤਾ ਹੀ ਨਹੀਂ ਕਿ ਰੋਗ, ਸ਼ਤ੍ਰੂ ਤੇ ਅਗਨੀ ਦੇ ਨਾਮ ਮਾਤ੍ਰ ਹੋਵਨ ਤੇ ਭੀ ਭਯਾਨਕ ਵਾਧਾ ਹੋ ਸੈਕਦਾ ਹੈ ! ਇਸ ਤੇ ਏਹਦਰੋਂ ਪੂਰੀ ਤਰਾਂ ਖਬਰਦਾਰ ਰਹਿਣਾ ਚਾਹੀਦਾ ਹੈ ਸੋ ਯਾਦ ਰਹੇ ਕਿ:—

ਜੇਕਰ ਕਦੇ ਆਪ ਜਾਂ ਆਪਦੇ ਕਿਸੇ ਹੋਰ ਮਿਤ੍ਰ ਨੂੰ ਸਿਧ ਪ੍ਰੀਖਯਕ ਤੇ ਥੋੜੀ ਕੀਮਤ ਪਰ ਕਿਸੇ ਦਵਾਈ ਦੀ ਲੋੜ ਹੋਵੇ ਜਾਂ ਘਰ ਬੈਠੇ ਬਠਾਏ ਸਭ ਤਰਾਂ ਦੇ ਰੋਗਾਂ ਦੇ ਇਲਾਜ ਕਰਾਵਨੇ ਚਾਹੁੰਦੇ ਅਰ ਲੁਟੇਰੇ ਕੱਚੇ ਨੀਮ ਹਕੀਮਾਂ ਤੋਂ ਬਚਾਉਂਣਾ ਚਾਹੁੰਦੇ ਹੋ ਤਦ ਦਵਾਈ ਦਾ ਨਾਮ ਪਤਾ ਅਤੇ ਬੀਮਾਰੀ ਦਾ ਪੂਰਾ ੨ ਹਾਲ, ਰੋਗ ਦੇ ਪੂਰੇ ਲਛਨ? ਕਦ ਤੋਂ ਹੈ? ਪਹਿਲੀ ਤੇ ਹੁਣ ਦੀ ਹਾਲਤ ਉਮਰ, ਸਰੀਰ ਦੀ ਦਸ਼ਾ ਕੰਮ ਕਾਰ ਦਾ ਹਾਲ, ਖੁਰਾਕ, ਪਖਾਨਾ ਆਦਿ ਦੀ ਦਸ਼ਾ, ਬਿਮਾਰ ਮਰਦ ਹੈ ਯਾ ਤੀਵੀਂ ਆਦਿ ਪੂਰਾ ੨ ਹਾਲ ਲਿਖਕੇ ਡਾਕ ਦੁਵਾਰਾ ਦਵਾਈ ਮੰਗਵਾਕੇ ਲਾਭ ਉਠਾ ਸਕਦੇ ਹੋ। ਸਾਡੇ ਪਾਸ ਹਰ ਤਰਾਂ ਦੀਆਂ ਸਿਧ ਪ੍ਰੀਖਜਕ ਦਵਾਵਾਂ ਸਦਾ ਤਯਾਰ ਮਿਲ ਸਕਦੀਆਂ ਹਨ ਜੈਸਾ ਕਿ ਨਮੂਨਾ ਮਾਤ੍ਰ ਹੇਠ

ਲਿਖਦੇ ਹਾਂ:-(੧) ਪਲੇਗ ਨਾਸ਼ਨ ਰੂਹ ਬੜੀ ਹੀ ਸਿਧ ੧ ਸ਼ੀਸ਼ੀ ॥)(੨) ਪਲੇਗ ਨਾਸ਼ਨ ਗੋਲੀ ਟੀਕੇ ਤੋਂ ਵਧ ਏਨਾਂ ਨਾਲ ਸੈਂਕੜੇ ਜਾਨਾਂ ਬਚੀਆਂ ਹਨ ੧੦੦ ਗੋਲੀ ॥=) (੩) ਪਲੇਗ ਨਾਸ਼ਨ ਮਰਹਮ ਗਿਲਟੀ ਨੂੰ ੧ ਡਬੀ।) (੪) ਹਾਫ਼ਜ਼ੇ (ਯਾਦਸ਼ਕਤੀ) ਦੇ ਵਧੌਨ ਵਾਸਤੇ ਬੁਧੀ ਵਰਧਨਗੁਟੀ ੧੦੦ ਦਾ ਮੁਲ ੧।)(੫) ਦਮਾ ਦਮਨ ਰੂਹ-ਦਮਾਂ ਖਾਂਸੀ, ਨਜ਼ਲਾ, ਦਸਤ ਮਰੋੜ, ਉਲਟੀਆਂ ਅਤੇ ਹੈਜ਼ਾ ਹਟੌਨਵਾਸਤੇ ਅਤੀ ਉਤਮ ੧ ਸ਼ੀਸ਼ੀ ਮੁਲ ॥)(੬) ਕਰਪੂਰ ਅੰਮ੍ਰਤ ਇਹੋ ਦਵਾਈ ਅੱਡ ੨ ਨਾਵਾਂ ਨਾਲ ਅੰਮ੍ਰਤਦੀ ਧਾਰ, ਸਾਰੇ ਸੁਖਦਾਤੀ, ਦੇਵ ਸ਼ਕਤੀ, ਆਬਹਯਾਤ ਸਾਰੇ ਰੋਗ ਹਟੌਨ ਵਾਸਤੇ ਬੜੀ ਹੀ ਸਿਧ ਤੇ ਪ੍ਰਸਿੱਧ ਹੋਚੁਕੀ ਹੈ ੧ ਸ਼ੀਸ਼ੀ ॥) (੭) ਕਾਮੇਸ਼੍ਵਰ ਕੰਹੂਰ ਗੋਲੀਆਂ-ਸਭ ਤਰਾਂ ਦੀ ਤਾਕਤ ਹਰਨ, ਜਵਾਨੀ ਦੀਆਂ ਖਰਾਬੀਅ ਤੇ ਵੀਰਯ ਸੰਬੰਧੀ ਰੋਗ ਦਿਲ, ਦਿਮਾਗ, ਜਿਗਰ, ਤੇ ਗੁਰਦਿਆਂ ਦੀ ਨਿਰਬਲਤਾ ਹਟੌਂਨ ਵਾਸਤੇ ੩੦ ਗੋਲੀਆਂ ੧) (੮) ਰਾਜ ਰੋਗ ਹਰਿ ਪੁੜੀਆਂ-ਸਭ ਤਰਾਂ ਦੀ ਕਮਜ਼ੋਰੀ ਤਪ ਦੇ ਵਿਗਾੜ ਸ਼ੁਰੂ ਦਾ ਤਪਦਿੱਕ, ਸਿੱਲ ਵਗੈਰਾ ਹਟੌਂਨ ਵਾਸਤੇ ੨੧ ਖੁਰਾਕਾਂ ੨) (੯) ਸ਼ਰਬਤਫੌਲਾਦ-ਧੜਕਾ, ਦੁਬਲਾਪਨ, ਦਿਲ ਦਿਮਾਗ, ਤੇ ਜਿਗਰਦੀ ਕਮਜੋਰੀ, ਚਿਨਗਾਂ ਦਾਂ ਨਿਕਲਨਾ ਹਟੌਨ ਤੇ ਤਾਕਤ ਵਧੌਨ ਨੂੰ ਸਿਧ ੪੫ ਦਿਨਾਂ ਵਾਸਤੇ ॥=) (੧੦) ਅਮਲ ਕੁਠਾਰ-ਅਫੀਮ, ਸ਼ਰਾਬ, ਭੰਗ, ਪੋਸਤ ਚਰਸ, ਭਰਸ਼-ਟਾਚਾਰ ਤੰਬਾਕੂ ਵਗੈਰਾ ਸਾਰੇ ਅਮਲ ਬਿਨਾਂ ਕਿਸੇ ਦੁਖ ਦਿੱਤੇ ਦੇ ਹਟੌਨ ਵਾਸਤੇ ਉਤਮ ੧੦੦ ਗੋਲੀ ੨) (੧੧) ਸਭ ਤਰਾਂ ਦਾ ਤਾਪ ਹਟੌਨਦੀ ਸਿਧ ਦਵਾਈ ੨੯ ਖੁਰਾਕ ॥) (੧੨) ਖਾਂਸੀ ਨਜ਼ਲਾ ਰੇਜ਼ਸ਼ ਵਗੈਰਾ ਹਟੌਨ ਵਾਸਤੇ ੫੦ ਗੋਲੀਆਂ

ਮੁਲ ॥) (੧੩) ਨੇਤ੍ਰਾਂ ਦੇ ਸਾਰੇ ਰੋਗ ਹਟੌਣ ਤੇ ਜੋਤ ਵਧੌਣ ਵਾਸਤੇ ਮਮੀਰੇ ਤੋਂ ਵਧ ਗੁਣਕਾਰ ਦਾਰੂ ੧ ਤੋਲਾ ੧) (੧੪) ਚੰਦ੍ਰਕ੍ਰਾਂਤ–ਹੌਲ ਦਿਲ, ਗਰਮੀ ਦਾ ਜੋਰ ਪੇਸਾਬ ਨਾਲ ਧਾਤ ਜਾਣੀ, ਧੜਕਾ, ਪਰਨੇਹ, ਖਾਂਸੀ ਨਾਲ ਖ਼ੂਨ, ਪੇਸ਼ਾਬ ਦੀ ਜਲਨ,ਰੁਕਾਵਟ ਵਗੈਰਾਹਟੌਨ ਵਾਸਤ ੨੯ ਖ਼ੁਰਾਕ॥ =)

(੧੫) ਪੇਟ ਤੇ ਹਾਜ਼ਮੇ ਦੇ ਵਿਗਾੜ ਦੇ ਸਾਰੇ ਰੋਗ ਹਟੌਨ ਭੁਖ ਲਗੌਨ ਤੇ ਖੁਰਾਕ ਹਜ਼ਮ ਕਰਨ ਨੂੰ ਬੜਾ ਹੀ ਸਵਾਦੀ ਚੂਰਨ ੪੦ ਖੁਰਾਕ। =) (੧੬) ਦੁਧਨੂੰ ਹਜ਼ਮ ਤੇ ਤਾਕਤ ਕਰਨ ਦੀਆਂ ੫੦ ਗੋਲੀਆਂ ॥) (੧੭) ਬਵਾਸੀਰ ਹਟੌਨ ਦੀਆਂ ਸਿਧ ਗੋਲੀਆਂ ਖਾਂਣ ਤੇ ਲੇਪ ਲਗੌਨ ਨੂੰ ਦੋ ਤਰਾਂ ਦੀਆਂ ੨) (੧੮) ਅਚਰਜ ਜੁਲ਼ਾਬ–ਹੁਕਮੀ ਦਸਤ ਲਿਆ-ਵਨ ਵਾਸਤੇ ਅਤੀ ਉੱਤਮ ਹੈ ੫ ਖੁਰਾਕ ॥) (੧੯) ਪ੍ਰਾਣ ਰਖਯਕ ਗੋਲੀਆਂ ਪਾਣੀ ਲਾਗ ਦੇ ਸਾਰੇ ਰੋਗ, ਹੈਜ਼ਾ, ਤਾਪ ਤੇ ਦਸਤ, ਉਲਟੀਆਂ ਸੱਪ ਦੀ ਜ਼ਹਿਰ ਤੇ ਸੈਨ ਹਟੌਨ ਵਾਸਤੇ ੧੦੦ ਗੋਲੀ ।॥) (੨੦) ਲਿਫ ਹਟੌਨ ਦੀ ਸਿਧ ਦਵਾਈ ੧।) (੨੧) ਇਸਤ੍ਰੀਆਂ ਦੇ ਰਿਤੂ ਦਾ ਜ਼ਿਆਦਾ ਬੇ-ਮਿਰਯਾਦਾ ਜਾਂ ਸਫੈਦ, ਪੀਲਾ, ਲਾਲ, ਚਟਚਟਾ ਪਾਣੀ ਜਾਣਾ ਹਟੌਣ ਤੇ ਤਾਕਤ ਕਰਨ ਵਾਸਤੇ ਪ੍ਰਦਰ ਅੰਤਕ ੨੯ ਖੁਰਾਕਾਂ ੧) (੨੨) ਪ੍ਰਸੂਤ ਤੋਂ ਉਤਪੰਨ ਹੋਏ ਸਾਰੇ ਰੋਗ ਹਟੌਨ ਵਾਸਤੇ ਦਵਾ ॥)(੨੩)ਬਾਲਕਾਂ ਵਾਸਤੇ ਉੱਤਮ ਜੁਲਾਬ ੧੦੦ ਗੋਲੀ ੧) ਨੇਤ੍ਰਾਂ ਵਾਸਤੇ ਦਾਰੂ ੧ ਤੋਲਾ ।) ਦੰਦੀਆਂ ਦੇ ਸਾਰੇ ਰੋਗ ਹਟੌਨ ਦੀ ਫਕੀ।) ਕਾਲੀ ਖੰਘ, ਤਪ ਭਾਰ ਬੋਝ ਵਗੈਰਾ ਹਟੌਨ ਦੀ ਫਕੀ ।)

ਵੱਡੀਆਂ ਫਹਰਿਸਤਾਂ ਆਪਣਾਂ ਪਤਾ ਭੇਜਕੇ ਮੁਫਤ ਮੰਗਵਾਓ!

ਸਭ ਤਰਾਂ ਦੀ ਲਿਖਤ ਪੜ੍ਹਤ ਦਾ ਪਤਾਃ–

ਮੋਹਨ ਸਿੰਘ ਵੈਦ ਤਰਨਤਾਰਨ (ਪੰਜਾਬ)

ਸਰਬ ਸੁਖਦਾਈ ਏਜੰਸੀ !

ਅੱਜ ਕਲ ਨਿਤ ਨਵੇਂ ਸੂਰਜ ਨਵੀਆਂ ਤੋਂ ਨਵੀਆਂ ਏਜੰਨਸੀਆਂ, ਕੰਪਨੀਆਂ, ਬਰਸਾਤੀ ਬਰੂਟੀਆਂ ਵਾਕਰ ਅਰੰਭ ਤੇ ਅਧਾ ਪਤਨ ਹੁੰਦੀਆਂ ਦੇਖੀਆਂ ਜਾਂਦੀਆਂ ਹਨ ਜਿਨਾਂ ਨੂੰ ਕੋਈ ਰੋਜ਼ਗਾਰ ਨਾਂ ਮਿਲੇ ਉਹੋ ਏਹ ਵਤੀਰਾ ਫੜ ਲੈਂਦੇ ਹਨ, ਥੋੜਾ ਚਿਰ ਚੰਗਾ ਕੰਮ ਕਰਦੇ ਹਨ ਜਾਂ ਚਲਨ ਦਾ ਵੇਲਾ ਔਂਦਾ ਹੈ ਤਦ ਅੰਧਾ ਧੁੰਦ ਗਾਸ਼ੇ ਮਾਰਨ ਲਗ ਜਾਂਦੇ ਹਨ ਲੋਗ ਵਿਚਾਰੇ ਧੋਖਾ ਖਾਕੇ ਨੁਕਸਾਨ ਉਠਾਕੇ ਫਿਰ ਚੁਪ ਤੇ ਹੈਰਾਨ ਰਹ ਜਾਂਦੇ ਹਨ, ਓਨ੍ਹਾਂ ਦਾ ਵਿਸ੍ਵਾਸ ਭਲਿਆਂ ਤੋਂ ਭੀ ਉਠਜਾਂਦਾ ਹੈ ਪ੍ਰਦੇਸਨਵਾਸੀ ਸੱਜਨਾਂ ਨੇ ਜਦ ਕਦੇ ਕੋਈ ਚੀਜ਼ ਮੰਗਵਾਨੀ ਹੋਵੇ ਵਿਚਾਰੇ ਵਿਚਾਰਾਂ ਵਿਚ ਹੀ ਪੈਜਾਂਦੇ ਹਨ। ਇਸ ਬਾਤ ਨੂੰ ਦੇਖ ਸੁਣ ਵਿਚਾਰ ਅਰ ਕੁਝ ਸੱਜਨਾਂ ਦੀ ਪ੍ਰੇਰਨਾਂ ਨਾਲ ਅਸੀਂ ਇਕ ਖਾਸ ਆਦਮੀ ਦਾ ਪ੍ਰਬੰਧ ਕਰਕੇ ਅਪਨੀ ਦੇਖ ਭਾਲ ਵਿਚ ਇਕ ਸ਼ਾਖ "ਸਰਬ ਸੁਖਦਾਈ ਏਜੰਸੀ" ਖੋਹਲੀ ਹੈ ਕਿ ਬਾਹਰ ਨਿਵਾਸੀ ਸੱਜਨ ਸਭ ਤਰਾਂ ਦਾ ਮਾਲ ਸਾਡੇ ਰਾਹੀਂ ਮੰਗਵਾ ਸੱਕਣ ! ਪੁਸਤਕਾਂ, ਕਿਤਾਬਾਂ ਟ੍ਰੈਕਟ, ਕਪੜੇ ਘੜੀਆਂ, ਰਮਾਂ-ਮੋਟਰ, ਜ਼ੇਵਰ, ਟਰੰਕ, ਰਬੜ ਪਰੈਸ ਹਰ ਤਰਾਂ ਦੀ ਛਪਾਈ ਗੁਰਮੁਖੀ ਉਰਦੂ ਸ਼ਸਤ੍ਰੀ ਦਾ ਕੰਮ ਮੋਹਰਾਂ ਰਬੜ ਹਰ ਤਰਾਂ ਦੀਆਂ ਦਵਾਈਆਂ ਇਤਰ ਖੁਸ਼ਬੂਦਾਰ ਤੇਲ ਰੂਹ ਰੋਗਨ ਅਤਾਰੀ, ਪਸਾਰੀ ਲਿਖਾ ਪੜ੍ਹੀ ਦਾ ਸਾਮਾਨ ਖਸਾਤੀ ਅਤੇ ਸੌਦਾਗਰੀ ਦਾ ਹਰ ਤਰਾਂ ਦਾ ਮਾਲ ਜਿਸ ਦੇ ਭੇਜਨ ਵਿਚ ਧਾਰਮਕ ਯਾ ਸਰਕਾਰੀ ਕੋਈ ਰੋਕ ਨਾ ਹੋਵੇ ਸੋ ਸਭ ਚੀਜ਼ਾਂ ਲੋੜ ਅਨੁਸਾਰ ਸਾਡੇ ਰਾਹੀਂ ਮੰਗਵਾਵੋ ਚੀਜ਼ ਚੰਗੀ ਸਸਤੀ ਸ਼ਰਤੀ, ਤੇ ਥੋੜ੍ਹੀ ਕਮੀਸ਼ਨ ਤੇ ਭੇਜੀ ਜਾਵੇਗੀ ਬਹੁਤ ਲੰਬਚੌੜਾ ਲਿਖਣ ਦੀ ਲੋੜ ਨਹੀਂ ਸੱਜਨ ਜਨ ਇਕ ਵਾਰੀ ਕੋਈ ਮਾਲ ਮੰਗਵਾ ਦੇਖਨ ਕੀਮਤ ਨਕਦ ਜਾਂ ਵੀ. ਪੀ. ਦਵਾਰਾ ! ਜ਼ਿਆਦਾ ਜਾਂ ਕਿਸੇ ਖਾਸ ਮਾਲ ਵਾਸਤੇ ਕੁਝ ਰਕਮ ਪੇਸ਼ਗੀ ਆਵੇ ।

ਪਤਾਃ—ਮੋਹਨ ਸਿੰਘ ਵੈਦ ਮਾਲਕ ਤੇ ਪ੍ਰਬੰਧਕ
ਸਰਬ ਸੁਖਦਾਈ ਏਜੰਸੀ ਤਰਨ ਤਾਰਨ(ਪੰਜਾਬ)

ਲੋਕ ਪਰਲੋਕ ਦੇ ਸੁਧਾਰਕ !

(੧) ਆਤਮ ਸੁਧਾਰ Self Culture ਦਾ ਉਲਥਾ ਆਪਣੇ ਆਪ ਸਿਖਾਉਣ ਦਾ
ਢੰਗ ।–) (੨) ਸੁਖੀ ਜੀਵਨ ਦੇ ਗੁਰ (Pleasure of life) ਦਾ ਉਲਥਾ ॥) (੩)
ਨਲਾਂ ਦੀ ਚਾਲ–ਇਕ ਸ੍ਰੇਸ਼ਟ ਘਰਾਣੇ ਦੀ ਵਰਤੋਂ ਸਿੱਖਣਾ ਦਾ ਭੰਡਾਰ ॥) (੪)
ਸ੍ਰੇਸ਼ਟ ਵਪਾਰ ਸਿੱਖਿਆ–ਵਪਾਰ ਦੇ ਨਿਯਮ ਢੰਗ ਤੇ ਗੁਝੇ ਭੇਦ ।–) (੫) ਆਤਮ
ਵਿਦਿਆ ਦੇ ਗੁਰ–ਮਿਸਮਰੇਜ਼ਮ ਅੰਤਰ ਭੂਤ ਵਿੱਦਿਆ ਦੇ ਗੁਝੇ ਭੇਦ ਤੇ ਨਿਯਮ ।
(੬) ਸੰਦੂਕ ਦਾ ਮੁਰਦਾ–ਜਾਸੂਸੀ ਨਾਵਲ ਵਿਚ ਵਾਂ ਦੀ ਦਸ਼ ਕਰਨੀਆਂ ਦੇ ਫਲ
ਆਦਿ ≡) (੭) ਭੂਲ ਭੁਲਈਆਂ–ਸ਼ੇਕਸਪੀਅਰ ਦੇ Comady of Errars
ਨਾਟਕ ਦਾ ਖੁਲਾਸਾ ਸੁੰਦਰ ਵਾਰਤਾ –) (੮) ਮਿੱਟੀ ਨਾਲ ਰੋਗਾਂ ਦੇ ਇਲਾਜ
ਰੋਗਾਂ ਤੋਂ ਬਚੇ ਰਹਿਣ ਦੇ ਉਪਾਵ =) (੯) ਇਸਤ੍ਰੀ ਧਰਮ ਸਿਮ੍ਰਤੀ ਸਾ
ਪਤਿਬ੍ਰਤ ਧਰਮ ਮੰਡਨ ਤੇ ਪਖੰਡ ਖੰਡਨ =)(੧੦) ਮੁਲਾਕਾਤ ਦਰਪਨ–ਮਿ
ਅਫਸਰਾਂ ਨਾਲ ਮੇਲ ਮਿਲਾਪ ਤੇ ਵਰਤੋਂ ਦੇ ਢੰਗ ≡) (੧੧) ਚਾਹਿਣਾ ਮੰਗ
ਦੇ ਔਗਣ–ਬੜੀ ਹੀ ਸਿਖਿਆ ਤੇ ਦਰਦ ਭਰੀ ਵਾਰਤਾ ॥।) (੧੨) ਅਜ
ਗਿਆਨ ਦਰਪਨ–ਦੁਨੀਆਂ ਵਿਚ ਨਵੀਂ ਉੱਨਤੀ ਤੇ ਅਰਕ [illegible] ਸਮਾਚਾਰ
(੧੩) ਸਸ਼ੀਲਾ ਨੂੰਹ–ਕਲਹਿਣੀ ਸੱਸ ਕ੍ਰਿਪਾਲੂ–ਇਲਾਨ ਅਤੇ [illegible]
ਦੀ ਵਰਤੋਂ ।) (੧੪) ਰਾਮਿੰਦ੍ਰ ਜੋਤ–ਇਕ ਪ੍ਰੇਮਾ ਤੇ ਪ੍ਰੇਮਣ ਦੇ ਧਾਰਮਿਕ ਮਿਲ
ਦੀ ਸੁੰਦਰ ਵਾਰਤਾ ≡) (੧੫) ਸੁਭਾਗ ਜੋਤ–ਬੜੀ ਹੀ ਸਵਾਦਲੀ ਤੇ ਸਿਖ
ਭਰੀ ਨਾਵਲ ਘਰਾਂ ਦੇ ਸੁਧਾਰ ਵਾਸਤੇ ।) (੧੬) ਸੰਛੇਪ ਸੰਪਤੀ ਸ਼ਾਸਤ੍ਰ–
ਕਮੌਣ ਜੋੜਨ ਬਚੌਣ ਤੇ ਵਰਤਨ ਦੇ ਢੰਗ ।=) (੧੭) ਸੁਖ ਮਾਰਗ ਪ੍ਰਕਾਸ਼
ਸ਼ਰੀਰ ਮਨ ਆਤਮਾ ਲੋਕ ਪਰਲੋਕ ਤੇ ਪ੍ਰਵਾਰ ਦੇ ਸੁਧਾਰਨ ਵਾਸਤੇ ।=
(੧੮) ਕਮਾਈ ਦੀ ਬਰਕਤ ਇਕ ਰੁਪਏ ਤੋਂ ਕਮਾਈ ਨਾਲ ਲੱਖਾਂ
ਪ੍ਰਾਪਤੀ ਦੇ ਢੰਗ ।) (੧੯) ਸ਼ੇਰ ਬਹਾਦਰ ਸ਼ੇਰ ਸਿੰਘ–ਦੀਨ ਰਖਿਆ ਤੇ
ਦੇ ਕਾਰੇ ਤੇ ਜਾਸੂਸ ਦੀ ਬਹਾਦਰੀ ≡) (੨੦) ਜੀਵਨ ਸੁਧਾਰ (The use of life
ਦਾ ਉਲਥਾ ॥।) (੨੧) ਮਨੁਖ ਕਰਤਵ (Duties of man) ਕਿਤਾਬ ਦਾ ਉਲਥਾ
(੨੨) ਮਹਾਂਦਾਨੀ ਰਾਜਾ ਭੋਜ–ਸਿੱਖਿਆ ਭਰੀ ਹੰਕਾਰ ਨਿਵਾਰਨ ਤੇ ਪਾਤ੍ਰ ਕੁਪਾਤ੍ਰ
ਦਾਨ ਦੇ ਫਲ ≡) (੨੩) ਕਰਮਾਂ ਦਾ ਜ਼ੋਰ–ਹੇਰਾਫੇਰੀਆਂ ਤੋਂ ਲਾਭ ਪਤੀ ਤੇ ਮੂਰਖ
ਵਿਦਵਾਨ ਹੋਵਨ ਦੇ ਢੰਗ ।) (੨੩) ਬਿਉਪਾਰ ਦੀ ਬਰਕਤ–ਮਮੂਲੀ ਵਿਚ
ਤੋਂ ਥੋੜ੍ਹਾਂ ਤਕ ਦੰਪਤੀ ਪ੍ਰੇਮ ਕਰਤਵ ਤੇ ਪਾਲਨ =) (੨੫) ਗ੍ਰਹਿ ਸਿੱਖਿਆ
ਘਰਾਂ ਦੇ ਸੁਧਾਰ ਸੁੰਦਰ ਬਣਾਨ ਤੇ ਪਰਵਾਰ ਪਿਆਰ ਦੇ ਉਪਦੇਸ਼ ।) (੨੬) ਪ
ਪ੍ਰੇਮਣ ਬਨਬਾਸਨ ਇਕ ਦੰਪਤੀ ਦੇ ਪ੍ਰੇਮ ਦਾ ਨਮੂਨਾ ਵਿਛੜਿਆਂ ਦਾ ਮਿਲ
–)॥ (੨੭) ਬਾਲ ਸੁਧਾਰ–ਬਾਲਕਾਂ ਦੇ ਹਿਤ ਦੀ ਸਿਖਿਆ ਦੇ ਅਤੀ ਉੱਤਮ ਦ੍ਰਿਸ਼ਟਾਂਤ
(੨੮) ਉੱਤਮ ਸਿੱਖਿਆ–ਜੀਵਨ ਨਿਰਬਾਹ ਤੇ ਸੁਖਦਾਈ ਜੀਵਨ ਬਨਾਣ ਦੇ ਸੰ
ਗ੍ਰਹਿ ॥ (੨੯) ਮਹਾਂਮਾਰੀ ਦਮਨ–ਪਲੇਗ ਸੰਬੰਧੀ ਪੂਰ ਬਿਰਤਾਂਤ, ਇਲ
ਤੇ ਬਚਨ ਦੇ ਉਪਾਵ ।–) (੩੦) ਸੁਖਵੰਤ ਜੋਤ–ਘਰਾਂ ਦੇ ਵਿਗਾੜ ਤੇ ਸੁਧ
ਹੀ ਛੋਟੇ ਸੰਸਾਰ ਪਰ ਹੀ ਨਰਕ ਸੁਰਗ –)॥ (੩੧) ਬਾਲ ਵਿਵਾ
ਦੁਖੜੇ ਬਚੇਹੀ ਦਰਦ ਤੇ ਉਪਦੇਸ਼ ਭਰੇ =) (੩੨) ਸਭ ਘਰਾਂ ਦੀ ਦ
ਜੋ ਅੱਜ ਕਲ ਵਰਤ ਰਹੀ ਹੈ ਦੋ ਹਿੱਸੇ ਜ਼ਰੂਰ ਮੰਗਾਵਨੇ ਪੜ੍ਹੋ =)

ਮਿਲਨ ਦਾ ਪਤਾ:–ਮੋਹਨ ਸਿੰਘ ਵੈਦ ਤਰਨਤਾਰਨ (ਪੰਜਾਬ